Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 5 : # ਅੰਕ 22 20/07/2026 www.samajweekly.com samajweekly @samajweekly samajweekly

# ਸੁਪਰੀਮ ਕੋਰਟ ਪਹੁੰਚਿਆ ਸੋਨਮ ਵਾਂਗਚੁਕ ਦਾ ਮਾਮਲਾ

**ਨਵੀਂ ਦਿੱਲੀ:** ਸੋਨਮ ਵਾਂਗਚੁਕ ਨੂੰ ਭੁੱਖ ਹੜਤਾਲ ਦੇ 20 ਦਿਨਾਂ ਬਾਅਦ ਜੰਤਰ-ਮੰਤਰ ਤੋਂ ਹਟਾ ਕੇ ਡਾਕਟਰੀ ਸਹਾਇਤਾ ਦਿੱਤੇ ਜਾਣ ਦਾ ਮਾਮਲਾ ਹੁਣ ਸੁਪਰੀਮ ਕੋਰਟ ਪਹੁੰਚ ਗਿਆ ਹੈ। ਵਕੀਲ ਨਰਿੰਦਰ ਮਿਸ਼ਰਾ ਨੇ ਚੀਫ਼ ਜਸਟਿਸ ਨੂੰ ਚਿੱਠੀ ਲਿਖ ਕੇ ਇਸ ਨੂੰ ਜਨਹਿਤ ਪਟੀਸ਼ਨ (PIL) ਵਜੋਂ ਸੁਣਨ ਦੀ ਬੇਨਤੀ ਕੀਤੀ ਹੈ। ਇਸ ਪਟੀਸ਼ਨ ਵਿੱਚ ਪੁਲਿਸ ਕਾਰਵਾਈ 'ਤੇ ਸਵਾਲ ਚੁੱਕਦਿਆਂ ਵਾਂਗਚੁਕ ਅਤੇ ਹੋਰ ਪ੍ਰਦਰਸ਼ਨਕਾਰੀਆਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ ਦੀ ਮੰਗ ਕੀਤੀ ਗਈ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇਹ ਵਿਰੋਧ ਪ੍ਰਦਰਸ਼ਨ ਕਈ ਅਹਿਮ ਮੁੱਦਿਆਂ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਵਿੱਚ NEET ਪ੍ਰੀਖਿਆ ਵਿੱਚ ਗੜਬੜੀ, ਵਾਰ-ਵਾਰ ਪੇਪਰ ਲੀਕ ਹੋਣਾ, ਸਰਕਾਰੀ ਭਰਤੀ ਅਤੇ ਪ੍ਰਵੇਸ਼ ਪ੍ਰੀਖਿਆਵਾਂ ਵਿੱਚ ਪਾਰਦਰਸ਼ਤਾ ਦੀ ਕਮੀ ਅਤੇ ਮਾਰਕਸ਼ੀਟਾਂ ਤੇ ਵਿਦਿਅਕ ਰਿਕਾਰਡਾਂ ਦੀ ਸੱਚਾਈ ਵਰਗੇ ਮੁੱਦੇ ਸ਼ਾਮਲ ਹਨ। ਪਟੀਸ਼ਨ ਮੁਤਾਬਕ, ਪੇਪਰ ਲੀਕ ਤੋਂ ਇਲ-ਾਵਾ ਅਜਿਹੇ ਮਾਮਲੇ ਵੀ ਸਾਹਮਣੇ ਆਏ ਹਨ ਜਿੱਥੇ ਇੱਕ ਵਿਅਕਤੀ ਪ੍ਰੀਖਿਆ ਦਿੰਦਾ ਹੈ ਜਦੋਂ ਕਿ ਕਿਸੇ ਹੋਰ ਦੀ ਕਾਪੀ ਚੈੱਕ ਕੀਤੀ ਜਾਂਦੀ ਹੈ। ਇਨ੍ਹਾਂ



ਮੁੱਦਿਆਂ ਨਾਲ ਲੱਖਾਂ ਵਿਦਿਆਰਥੀਆਂ ਦਾ ਭਵਿੱਖ ਜੁੜਿਆ ਹੋਇਆ ਹੈ ਅਤੇ ਇਸੇ ਲਈ ਇਨ੍ਹਾਂ ਵੱਲ ਤੁਰੰਤ ਧਿਆਨ ਦੇਣ ਦੀ ਲੋੜ ਦੱਸੀ ਗਈ ਹੈ। ਇਸ ਅੰਦੋਲਨ ਦੀ ਅਗਵਾਈ ਸੋਨਮ ਵਾਂਗਚੁਕ ਕਰ ਰਹੇ ਸਨ ਅਤੇ ਉਹ ਖੁਦ ਵੀ ਭੁੱਖ ਹੜਤਾਲ 'ਤੇ ਬੈਠੇ ਸਨ। ਪੁਲਿਸ ਨੇ ਉਨ੍ਹਾਂ ਨੂੰ ਪ੍ਰਦਰਸ਼ਨ ਵਾਲੀ ਥਾਂ ਤੋਂ ਹਟਾ ਦਿੱਤਾ, ਜਿਸ ਤੋਂ ਬਾਅਦ ਅੰਦੋਲਨ ਆਪਣੇ ਮੁੱਖ ਚਿਹਰੇ ਤੋਂ ਬਿਨਾਂ ਰਹਿ ਗਿਆ। ਪਟੀਸ਼ਨ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੀ ਪ੍ਰੀਖਿਆਵਾਂ ਨਾਲ ਜੁੜੀਆਂ ਇਨ੍ਹਾਂ ਗੜਬੜੀਆਂ 'ਤੇ ਪਹਿਲਾਂ ਜਨਤਕ ਤੌਰ 'ਤੇ ਚਿੰਤਾ ਜ਼ਾਹਰ ਕਰ ਚੁੱਕੇ ਹਨ। ਪਟੀਸ਼ਨਕਰਤਾ ਨੇ ਸੰਵਿਧਾਨ ਦੀ ਧਾਰਾ 19 ਤਹਿਤ ਮਿਲਣ ਵਾਲੇ ਸ਼ਾਂਤੀਪੂਰਨ ਪ੍ਰਦਰਸ਼ਨ ਦੇ ਅਧਿਕਾਰ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ ਪ੍ਰਸ਼ਾਸਨ ਨੂੰ ਕੋਈ ਵੀ ਕਾਰਵਾਈ ਕਰਦੇ ਸਮੇਂ ਨਿਰਪੱਖ ਅਤੇ ਸੰਤੁਲਿਤ ਰਵੱਈਆ ਅਪਣਾਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਧਾਰਾ 21 ਤਹਿਤ ਜੀਵਨ ਅਤੇ ਸਿਹਤ ਦੀ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਇਹ ਖਦਸ਼ਾ ਪ੍ਰਗਟਾਇਆ ਗਿਆ ਹੈ ਕਿ ਭੁੱਖ ਹੜਤਾਲ ਦੌਰਾਨ ਜੇਕਰ ਕਿਸੇ ਦੀ ਤਬੀਅਤ ਵਿਗੜਦੀ ਹੈ, ਤਾਂ ਉੱਥੇ ਲੋੜੀਂਦੀਆਂ ਡਾਕਟਰੀ ਸਹੂਲਤਾਂ ਨਾ ਹੋਣ ਕਾਰਨ ਜਾਨ ਨੂੰ ਖਤਰਾ ਹੋ ਸਕਦਾ ਹੈ।

ਪਟੀਸ਼ਨ ਵਿੱਚ ਅਦਾਲਤ ਤੋਂ ਮੰਗ ਕੀਤੀ ਗਈ ਹੈ ਕਿ ਦਿੱਲੀ ਪੁਲਿਸ ਨੂੰ ਜੰਤਰ-ਮੰਤਰ 'ਤੇ ਸ਼ਾਂਤੀਪੂਰਨ ਪ੍ਰਦਰਸ਼ਨ ਅਤੇ ਭੁੱਖ ਹੜਤਾਲ ਜਾਰੀ ਰੱਖਣ ਦੀ ਇਜਾਜ਼ਤ ਦੇਣ ਦਾ ਨਿਰਦੇਸ਼ ਦਿੱਤਾ ਜਾਵੇ।

## ਜੰਮੂ ਦੇ ਪੁੰਛ ਅਤੇ ਕਿਸ਼ਤਵਾੜ ਵਿੱਚ ਫਟੇ ਬੱਦਲ, 8 ਲੋਕਾਂ ਦੀ ਮੌਤ, ਕਈ ਲਾਪਤਾ



**ਜੰਮੂ।** ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਵਿੱਚ ਭਾਰੀ ਮੀਂਹ ਪੈਣ ਤੋਂ ਬਾਅਦ, ਸ਼ਨੀਵਾਰ ਦੇਰ ਰਾਤ ਕਰੀਬ 3 ਵਜੇ ਅਚਾਨਕ ਹੜ੍ਹ (ਫਲੈਸ਼ ਫਲੱਡ) ਆ ਗਿਆ। ਧਰਹਾਲ ਦਰਿਆ ਵਿੱਚ ਪਾਣੀ ਦਾ ਪੱਧਰ ਵਧ ਗਿਆ ਹੈ ਅਤੇ 'ਨਿਊ ਬੱਸ ਸਟੈਂਡ ਬੇਲਾ' ਇਲ-ਾਕਾ ਪਾਣੀ ਵਿੱਚ ਡੁੱਬ ਗਿਆ ਹੈ। ਇਸ ਦੌਰਾਨ ਲਗਭਗ 200 ਤੋਂ 250 ਵਾਹਨ ਪਾਣੀ ਵਿੱਚ ਰੁੜ੍ਹ ਗਏ। ਇਸ ਦੌਰਾਨ, ਪੁੰਛ ਵਿੱਚ ਰਾਤ ਭਰ ਹੋਈ ਭਾਰੀ ਬਾਰਿਸ਼ ਕਾਰਨ ਅੱਠ ਲੋਕਾਂ ਦੀ ਮੌਤ ਹੋ ਗਈ, ਜਦਕਿ ਛੇ ਹੋਰ ਲਾਪਤਾ ਹਨ। ਵੱਖਰੀ ਘਟਨਾ ਵਿੱਚ, ਕਿਸ਼ਤਵਾੜ ਜ਼ਿਲ੍ਹੇ ਦੇ ਡੱਚਨ ਖੇਤਰ ਦੇ ਸੁਰਨੂ ਇਲਾਕੇ ਵਿੱਚ ਬੱਦਲ ਫਟਣ ਕਾਰਨ ਘਰਾਂ ਅਤੇ ਖੇਤੀਬਾੜੀ ਵਾਲੇ ਖੇਤਾਂ ਨੂੰ ਨੁਕਸਾਨ ਪਹੁੰਚਿਆ ਹੈ। ਦੇਸ਼ ਵਿੱਚ ਦੂਜੀ ਵਾਰ ਮਾਨਸੂਨ ਦੇ ਸਰਗਰਮ ਹੋਣ ਨਾਲ ਦਿੱਲੀ, ਪੰਜਾਬ, ਹਰਿਆਣਾ, ਜੰਮੂ-ਕਸ਼ਮੀਰ, ਉੱਤਰਾਖੰਡ, ਹਿਮਾ-ਚਲ ਪ੍ਰਦੇਸ਼, ਉੱਤਰ ਪ੍ਰਦੇਸ਼, ਬਿਹਾਰ, ਸਿੱਕਮ, ਅਸਾਮ, ਮੇਘਾਲਿਆ ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਪੈ ਰਿਹਾ ਹੈ। ਐਤਵਾਰ ਲਈ ਉੱਤਰਾਖੰਡ, ਸਿੱਕਮ ਅਤੇ ਬੰਗਾਲ ਵਿੱਚ ਭਾਰੀ ਮੀਂਹ ਨੂੰ ਲੈ ਕੇ 'ਰੈੱਡ ਅਲਰਟ' ਵੀ ਜਾਰੀ ਕੀਤਾ ਗਿਆ ਹੈ। ਸ਼ਨੀਵਾਰ ਨੂੰ ਉੱਤਰਾਖੰਡ ਵਿੱਚ ਜ਼ਮੀਨ ਖਿਸਕਣ ਕਾਰਨ ਕੇਦਾਰਨਾਥ ਤੀਰਥ ਯਾਤਰਾ ਮਾਰਗ 'ਤੇ ਘੋੜੇ ਅਤੇ ਖੱਚਰਾਂ ਦੀ ਸੇਵਾ ਮੁਅੱਤਲ ਕਰ ਦਿੱਤੀ ਗਈ ਅਤੇ ਕੈਲਾਸ਼-ਮਾਨਸਰੋਵਰ ਯਾਤਰੀਆਂ ਦੇ ਇੱਕ ਜੱਥੇ ਨੂੰ ਵੀ ਰੋਕ ਦਿੱਤਾ ਗਿਆ।

# ਸਪੇਨ ਨੇ 16 ਸਾਲ ਬਾਅਦ ਵਿਸ਼ਵ ਕੱਪ ਜਿੱਤਿਆ, ਅਰਜਨਟੀਨਾ ਨੂੰ 1-0 ਨਾਲ ਹਰਾਇਆ

**ਫੋਟੋ**
ਸਪੇਨ ਲਈ ਫੇਰਾਨ ਟੋਰੇਸ ਨੇ ਵਾਧੂ ਸਮੇਂ ਦੌਰਾਨ ਗੋਲ ਕੀਤਾ

ਸਪੇਨ ਨੇ 16 ਸਾਲਾਂ ਬਾਅਦ ਫੁੱਟਬਾਲ ਵਿਸ਼ਵ ਕੱਪ ਦਾ ਖਿਤਾਬ ਜਿੱਤਿਆ। ਟੀਮ ਨੇ ਨਿਊਯਾਰਕ ਦੇ ਨਿਊ ਜਰਸੀ ਸਟੇਡੀਅਮ ਵਿੱਚ ਖੇਡੇ ਗਏ ਫਾਈਨਲ ਵਿੱਚ 2022 ਦੀ ਚੈਂਪੀਅਨ ਅਰਜਨਟੀਨਾ ਨੂੰ 1-0 ਨਾਲ ਹਰਾਇਆ। ਸਪੇਨ ਲਈ ਫੇਰਾਨ ਟੋਰੇਸ ਨੇ ਵਾਧੂ ਸਮੇਂ ਦੌਰਾਨ ਗੋਲ ਕੀਤਾ। ਇਸ ਜਿੱਤ ਨਾਲ, ਸਪੇਨ ਨੇ 2010 ਤੋਂ ਬਾਅਦ ਦੂਜੀ ਵਾਰ ਇਹ ਟਰਾਫੀ ਆਪਣੇ ਨਾਂ ਕੀਤੀ; ਉਸ ਸਮੇਂ ਟੀਮ ਨੇ ਨੀਦਰਲੈਂਡਜ਼ ਨੂੰ 1-0 ਨਾਲ ਹਰਾਇਆ ਸੀ।

ਜੇਕਰ 90 ਮਿੰਟਾਂ ਬਾਅਦ ਵੀ ਮੈਚ ਬਰਾਬਰ ਰਿਹਾ, ਤਾਂ ਇਸ ਦਾ ਸਭ ਤੋਂ ਵੱਡਾ ਕਾਰਨ ਅਰਜਨਟੀਨਾ ਦਾ ਗੋਲਕੀਪਰ ਏਮਿਲਿਆਨੋ ਮਾਰਟੀਨੇਜ਼ ਸੀ। ਸਪੇਨ ਨੇ ਪੂਰੇ ਮੈਚ ਦੌਰਾਨ ਲਗਾਤਾਰ ਹਮਲੇ ਜਾਰੀ ਰੱਖੇ। ਕਈ ਵਾਰ ਲਾਮਿਨ ਯਾਮਾਲ ਨੇ ਬਾਕਸ ਦੇ ਬਾਹਰੋਂ ਸ਼ਾਟ ਲਗਾਏ; ਕਈ ਵਾਰ ਓਯਾਰਜ਼ਾਬਾਲ ਨੇ ਮੌਕੇ ਬਣਾਏ, ਜਾਂ ਫਿਰ ਪੇਡਰੀ ਅਤੇ ਨਿਕੋ ਵਿਲੀਅਮਜ਼ ਗੋਲ ਕਰਨ ਦੇ ਬਹੁਤ ਨੇੜੇ ਪਹੁੰਚੇ। ਹਰ ਵਾਰ, ਮਾਰਟੀਨੇਜ਼ ਨੇ ਗੇਂਦ ਅਤੇ ਗੋਲ-



ਪੋਸਟ ਦੇ ਵਿਚਕਾਰ ਆਪਣੀ ਸਥਿਤੀ ਬਣਾਈ ਰੱਖੀ। ਕਈ ਅਜਿਹੇ ਮੌਕੇ ਆਏ ਜਦੋਂ ਲੱਗਿਆ ਕਿ ਸਪੇਨ ਗੋਲ ਕਰਨ ਹੀ ਵਾਲਾ ਹੈ, ਪਰ ਮਾਰਟੀਨੇਜ਼ ਨੇ ਹਰ ਵਾਰ ਉਨ੍ਹਾਂ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ। ਹਾਲਾਂਕਿ, ਫੁੱਟਬਾਲ ਵਿੱਚ ਲਗਾਤਾਰ ਬਣਾਇਆ ਗਿਆ ਦਬਾਅ ਅੰਤ ਵਿੱਚ ਰੰਗ ਲਿਆਉਂਦਾ ਹੀ ਹੈ। 106ਵੇਂ ਮਿੰਟ ਵਿੱਚ, ਨਿਕੋ ਵਿਲੀਅਮਜ਼ ਦੇ ਹੈਡਰ ਰਾਹੀਂ ਗੇਂਦ ਫੇਰਾਨ ਟੋਰੇਸ ਕੋਲ ਪਹੁੰਚੀ ਅਤੇ ਇਸ ਵਾਰ ਮਾਰਟੀਨੇਜ਼ ਵੀ ਇਸ ਨੂੰ ਰੋਕਣ ਲਈ ਕੁਝ ਨਾ ਕਰ ਸਕੇ।

ਅਰਜਨਟੀਨਾ ਕਿਸੇ ਨਾ ਕਿਸੇ ਤਰ੍ਹਾਂ 90 ਮਿੰਟਾਂ ਤੱਕ ਮੁਕਾਬਲੇ ਵਿੱਚ ਬਣਿਆ ਰਿਹਾ ਸੀ। ਟੀਮ ਪੂਰੀ ਤਰ੍ਹਾਂ ਪੈਨਲਟੀ ਸ਼ੂਟਆਊਟ 'ਤੇ ਨਿਰਭਰ ਸੀ, ਪਰ ਸਟੌਪੇਜ ਟਾਈਮ ਦੌਰਾਨ ਏਂਜ਼ੋ ਫਰਨਾਂਡੇਜ਼ ਨੇ ਇੱਕ ਅਜਿਹੀ ਗਲਤੀ ਕੀਤੀ ਜਿਸ ਨੇ ਖੇਡ ਦਾ ਪਾਸਾ ਹੀ ਪਲਟ ਦਿੱਤਾ। ਪਾਉ ਕੁਬਾਰਸੀ 'ਤੇ ਟੈਕਲ ਕਰਨ ਤੋਂ ਬਾਅਦ, ਰੈਫਰੀ ਨੇ ਐਨਜ਼ੋ ਨੂੰ ਦੂਜਾ ਪੀਲਾ ਕਾਰਡ ਅਤੇ ਫਿਰ ਲਾਲ ਕਾਰਡ ਦਿਖਾਇਆ। ਅਰਜਨਟੀਨਾ ਕੋਲ 10 ਖਿਡਾਰੀ ਰਹਿ ਗਏ। ਇਸ ਤੋਂ ਬਾਅਦ, ਸਪੇਨ ਦਾ ਗੇਂਦ 'ਤੇ ਕਬਜ਼ਾ ਹੋਰ ਵੀ ਵਧ ਗਿਆ। 103ਵੇਂ ਮਿੰਟ ਵਿੱਚ, ਨਿਕੋ ਵਿਲੀਅਮਜ਼ ਨੇ ਇੱਕ ਅਜਿਹਾ 'ਕਰਾਸ' ਦਿੱਤਾ ਜਿਸ ਨੇ ਸਪੈਨਿਸ਼ ਪ੍ਰਸ਼ੰਸਕਾਂ ਨੂੰ ਜਸ਼ਨ ਮਨਾਉਣ ਲਈ ਤਿਆਰ ਕਰ ਦਿੱਤਾ ਸੀ। ਮਿਕੇਲ ਮੇਰੀਨੋ ਕੋਲ ਗੋਲ ਕਰਨ ਦਾ ਲਗਭਗ ਖੁੱਲ੍ਹਾ ਮੌਕਾ ਸੀ, ਪਰ ਉਸਦਾ 'ਹੈੱਡਰ' ਨਿਸ਼ਾਨੇ ਤੋਂ ਖੁੰਝ ਗਿਆ।

# ਕਿਰਨਦੀਪ ਕੌਰ ਦੀ ਲਾਸ਼ ਪੰਜਾਬ ਭੇਜਣ ਲਈ ਕੀਤੇ ਜਾ ਰਹੇ ਹਨ ਲੋੜੀਂਦੇ ਪ੍ਰਬੰਧ : ਨਰਪਿੰਦਰ ਕੌਰ ਮਾਨ

## ਬਰਤਾਨਵੀ ਸਰਕਾਰ, ਮੈਟਰੋਪੁਲੀਟਨ ਪੁਲਿਸ, ਭਾਰਤ ਸਰਕਾਰ ਦੇ ਨਾਲ ਨਾਲ ਪੀੜਤਾ ਦੇ ਪ੍ਰੀਵਾਰ ਦੇ ਸੰਪਰਕ ਵਿੱਚ ਹੈ-ਨਰਪਿੰਦਰ ਕੌਰ ਮਾਨ

**ਲੰਡਨ:** ਬੀਤੇ ਦਿਨੀ ਲੰਡਨ ਦੇ ਇਲਾਕੇ ਹੇਜ਼ ਵਿੱਚ ਕਤਲ ਕੀਤੀ ਗਈ 24 ਸਾਲਾ ਕਿਰਨਦੀਪ ਕੌਰ ਦੀ ਮ੍ਰਿਤਕ ਦੇਹ ਨੂੰ ਪੰਜਾਬ ਭੇਜਣ ਲਈ ਯੁਨਾਈਟਡ ਸਿੱਖਸ (ਇੰਟਰਨੈਸ਼ਨਲ) ਅਤੇ ਯੂਨਾਈਟਡ ਹਿਊਮਨਟੇਰੀਅਨ ਸਿੱਖ ਏਡ (ਯੂ ਐਚ ਐਸ ਏ) ਦੀ ਡਾਇਰੈਕਟਰ ਨਰਪਿੰਦਰ ਕੌਰ ਮਾਨ ਬੀ ਈ ਐਮ ਵੱਲੋਂ ਯਤਨ ਕੀਤੇ ਜਾ ਰਹੇ। ਨਰਪਿੰਦਰ ਨੇ ਦੱਸਿਆ ਕਿ ਉਹ ਲਗਾਤਾਰ ਬਰਤਾਨਵੀ ਸਰਕਾਰ, ਮੈਟਰੋਪੁਲੀਟਨ ਪੁਲਿਸ, ਭਾਰਤ ਸਰਕਾਰ ਦੇ ਨਾਲ ਨਾਲ ਪੀੜਤਾ ਦੇ ਪ੍ਰੀਵਾਰ ਦੇ ਸੰਪਰਕ ਵਿੱਚ ਹੈ। ਉਹਨਾਂ ਕਿਹਾ ਕਿ ਇਹ ਬਹੁਤ ਹੀ ਪੀੜਾਦਾਇਕ ਮਾਮਲਾ ਹੈ, ਜਦੋਂ ਇੱਕ ਚੰਗੇ ਭਵਿੱਖ ਦੀ ਤਲਾਸ਼ ਕਰਨ ਲਈ ਆਈ ਲੜਕੀ ਦੀ ਹੱਤਿਆ ਕਰ ਦਿੱਤੀ ਗਈ ਹੋਵੇ।ਉਨ੍ਹਾਂ ਨੇ ਦੱਸਿਆ ਕਿ ਇਸ



ਮਾਮਲੇ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਪਰ ਕਿਰਨਦੀਪ ਦੇ ਮਾਪਿਆਂ ਦੀ ਇੱਛਾ ਮਤਾਬਿਕ ਉਸ ਦੀ ਮ੍ਰਿਤਕ ਦੇਹ ਨੂੰ ਪੰਜਾਬ ਭੇਜਣ ਲਈ ਉਹ (ਨਰਪਿੰਦਰ ਕੌਰ ਮਾਨ) ਪ੍ਰਬੰਧ ਕਰ ਰਹੀ ਹੈ। ਜਿਕਰਯੋਗ ਹੈ ਕਿ ਨਰਪਿੰਦਰ ਕੌਰ ਮਾਨ ਹੁਣ ਤੱਕ 60 ਤੋਂ ਵੱਧ ਲਾਵਾਰਸ ਜਾਂ ਉਹਨਾਂ ਲੋਕਾਂ ਦੀਆਂ ਲਾਸ਼ਾਂ ਪੰਜਾਬ ਭੇਜ ਚੁੱਕੀ ਹੈ ਜਿਹਨਾਂ ਦਾ ਯੂ ਕੇ ਵਿੱਚ ਕੋਈ ਨਹੀਂ ਹੁੰਦਾ। ਉਸ ਵੱਲੋਂ ਗੈਰਕਾਨੂੰਨੀ ਤੌਰ ਤੇ ਰਹਿ ਰਹੇ ਅਤੇ ਸਵੈ ਇੱਛਤ ਬਰਤਾਨੀਆਂ ਛੱਡ ਕੇ ਜਾਣ ਵਾਲੇ ਲੋਕਾਂ ਦੀ ਵੀ ਮਦਦ ਕੀਤੀ ਜਾਂਦੀ ਹੈ। ਨਰਪਿੰਦਰ ਦੀਆਂ ਇਹਨਾਂ ਸੇਵਾਵਾਂ ਨੂੰ ਮੱਦੇ ਨਜ਼ਰ ਰੱਖਦਿਆਂ ਹੀ ਮਹਾਰਾਣੀ ਐਲਿਜਾਬੈੱਥ ਵੱਲੋਂ ਸ਼ਾਹੀ ਖਿਤਾਬ ਬੀ ਈ ਐਮ ਨਾਲ ਸਨਮਾਨਿਤ ਕੀਤਾ ਗਿਆ ਸੀ।

# 3 ਅਗਸਤ ਨੂੰ ਹੋਵੇਗੀ ਕੰਗਨਾ ਰਣੌਤ ਖ਼ਿਲਾਫ਼ ਮਾਣਹਾਨੀ ਕੇਸ ਦੀ ਸੁਣਵਾਈ

**ਬਠਿੰਡਾ:** ਕਿਸਾਨ ਔਰਤਾਂ ਖਿਲਾਫ਼ ਵਿਵਾਦਤ ਟਿਪਣੀ ਕਰਨ ਸੰਬੰਧੀ ਫਿਲਮੀ ਅਦਾਕਾਰਾ ਅਤੇ ਭਾਜਪਾ ਸੰਸਦ ਮੈਂਬਰ ਕੰਗਣਾ ਰਣੌਤ ਖਿਲਾਫ਼ ਦਰਜ ਮਾਣਹਾਨੀ ਕੇਸ ਦੀ ਬਠਿੰਡਾ ਅਦਾਲਤ ਨੇ ਅਗਲੀ ਸੁਣਵਾਈ 3 ਅਗਸਤ ਤੈਅ ਕੀਤੀ ਹੈ। ਇਸ ਦਿਨ ਕੰਗਣਾ ਖਿਲਾਫ਼ ਕੇਸ ਦਰਜ ਕਰਵਾਉਣ ਵਾਲੀ ਮਾਤਾ ਮਹਿੰਦਰ ਕੌਰ ਅਤੇ ਉਨ੍ਹਾਂ ਦੇ ਪੋਤਰੇ ਗੁਰਪ੍ਰੀਤ ਸਿੰਘ ਦੀਆਂ ਗਵਾਹੀਆਂ ਹੋਣਗੀਆਂ।

ਇਹ ਜਾਣਕਾਰੀ ਮਾਤਾ ਮਹਿੰਦਰ ਕੌਰ ਦੇ ਵਕੀਲ ਰਘਵੀਰ ਸਿੰਘ ਬਹਿਣੀਵਾਲ ਨੇ ਦਿੰਦਿਆਂ ਦੱਸਿਆ ਕਿ 3 ਅਗਸਤ ਨੂੰ ਉਕਤ ਮੁਖ ਗਵਾਹੀਆਂ ਤੋਂ ਇਲਾਵਾ ਕੰਗਨਾ ਦਾ ਪਾਸਪੋਰਟ ਜਬਤ ਕਰਨ ਦੇ ਮਾਮਲੇ ਵਿਚ ਵੀ ਸੁਣਵਾਈ ਹੋਵੇਗੀ!



# ਪੀ.ਵੀ. ਸਿੰਧੂ ਜਾਪਾਨ ਓਪਨ ਜਿੱਤਣ ਵਾਲੀ ਪਹਿਲੀ ਭਾਰਤੀ ਬਣੀ




**ਟੋਕਿਓ:** ਭਾਰਤ ਦੀ ਸਟਾਰ ਬੈਡਮਿੰਟਨ ਖਿਡਾਰਨ ਪੀਵੀ ਸਿੰਧੂ ਨੇ ਜਾਪਾਨ ਓਪਨ ਸੁਪਰ-750 ਬੈਡਮਿੰਟਨ ਟੂਰਨਾਮੈਂਟ ਜਿੱਤ ਲਿਆ ਹੈ। ਉਹ ਇਹ ਟੂਰਨਾਮੈਂਟ ਜਿੱਤਣ ਵਾਲੀ ਪਹਿਲੀ ਭਾਰਤੀ ਬਣੀ ਹੈ। 31 ਸਾਲਾ ਸਿੰਧੂ ਨੇ ਐਤਵਾਰ ਨੂੰ ਖੇਡੇ ਗਏ ਫਾਈਨਲ ਮੁਕਾਬਲੇ ਵਿੱਚ ਜਾਪਾਨ ਦੀ ਅਕਾਨੇ ਯਾਮਾਗੁਚੀ ਨੂੰ 21-17, 21-17 ਨਾਲ ਹਰਾਇਆ। ਇਹ ਮੈਚ 50 ਮਿੰਟ ਤੱਕ ਚੱਲਿਆ। ਸਿੰਧੂ 4 ਸਾਲ ਬਾਅਦ ਯਾਮਾਗੁਚੀ ਨੂੰ ਕਿਸੇ ਪੂਰੇ ਮੈਚ ਵਿੱਚ ਹਰਾ ਸਕੀ ਹੈ। ਉਸ ਨੂੰ ਪਿਛਲੀ ਜਿੱਤ 2022 ਵਿੱਚ ਥਾਈਲੈਂਡ ਓਪਨ ਵਿੱਚ ਮਿਲੀ ਸੀ। ਪਿਛਲੇ ਸਾਲ ਮਲੇਸ਼ੀਆ ਓਪਨ ਵਿੱਚ ਯਾਮਾਗੁਚੀ ਰਿਟਾਇਰ ਹਰਟ (ਜ਼ਖ਼ਮੀ ਹੋ ਕੇ ਬਾਹਰ) ਹੋ ਗਈ ਸੀ। ਸਿੰਧੂ ਨੇ 2 ਸਾਲ ਬਾਅਦ ਕੋਈ ਖ਼ਿਤਾਬ ਜਿੱਤਿਆ ਹੈ। ਉਸ ਨੇ 2024 ਵਿੱਚ ਸਈਅਦ ਮੋਦੀ ਇੰਟਰਨੈਸ਼ਨਲ ਜਿੱਤਿਆ ਸੀ। ਉਹ 2022 ਵਿੱਚ ਸਿੰਗਾਪੁਰ ਓਪਨ ਸੁਪਰ 500 ਵਿੱਚ ਚੈਂਪੀਅਨ ਬਣੀ ਸੀ। ਇਹ ਸਿੰਧੂ ਦੇ ਕਰੀਅਰ ਦਾ ਪਹਿਲਾ ਸੁਪਰ-750 ਖ਼ਿਤਾਬ ਹੈ। 2019 ਵਰਲਡ ਚੈਂਪੀਅਨਸ਼ਿਪ ਜਿੱਤਣ ਤੋਂ ਬਾਅਦ ਇਹ ਉਸ ਦਾ ਸਭ ਤੋਂ ਵੱਡਾ ਇੰਟਰਨੈਸ਼ਨਲ ਖ਼ਿਤਾਬ ਹੈ।

**ਸੈਮੀਫਾਈਨਲ ਵਿੱਚ ਚੇਨ ਯੂ ਫੇਈ ਜ਼ਖ਼ਮੀ ਹੋ ਕੇ ਬਾਹਰ ਹੋਈ**

ਸੈਮੀਫਾਈਨਲ ਵਿੱਚ ਚੀਨ ਦੀ ਚੇਨ ਯੂ ਫੇਈ ਹੈਮਸਟ੍ਰਿੰਗ ਦੀ ਸੱਟ ਕਾਰਨ ਰਿਟਾਇਰਡ ਹਰਟ ਹੋ ਗਈ ਸੀ। ਉਸ ਸਮੇਂ ਸਿੰਧੂ 21-19, 15-10 ਨਾਲ ਅੱਗੇ ਸੀ। ਇਸ ਤੋਂ ਪਹਿਲਾਂ ਸਿੰਧੂ ਖ਼ਿਲਾਫ਼ ਜਾਪਾਨ ਦੀ ਸਾਬਕਾ ਵਰਲਡ ਚੈਂਪੀਅਨ ਨੋਜ਼ੋਮੀ ਓਕੁਹਾਰਾ ਸੱਟ ਕਾਰਨ ਕੋਰਟ ਵਿੱਚ ਨਹੀਂ ਉਤਰੀ, ਜਿਸ ਕਾਰਨ ਸਿੰਧੂ ਨੂੰ ਵਾਕਓਵਰ ਮਿਲ ਗਿਆ। ਇਸ ਤੋਂ ਪਹਿਲਾਂ ਦੂਜੇ ਦੌਰ ਵਿੱਚ ਸਿੰਧੂ ਨੇ ਚੀਨ ਦੀ ਹਾਨ ਯੂ ਨੂੰ 35 ਮਿੰਟਾਂ ਵਿੱਚ 21-16, 21-14 ਨਾਲ ਹਰਾ ਕੇ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਕੀਤਾ ਸੀ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਮਾਸੜ ਵੱਲੋਂ ਕੁੜੀ ਦਾ ਬੇਰਹਿਮੀ ਨਾਲ ਕਤਲ

**ਅੰਮ੍ਰਿਤਸਰ (ਪੱਤਰ ਪ੍ਰੇਰਕ):** ਗਹਿਣੇ ਚੋਰੀ ਕਰ ਕੇ ਲੈ ਜਾਣ ਦੇ ਦੋਸ਼ ’ਚ 15 ਸਾਲਾ ਕੁੜੀ ਨੂੰ ਕੁੱਟ-ਕੁੱਟ ਕੇ ਕਤਲ ਕਰਨ ਦੇ ਮਾਮਲੇ ’ਚ ਥਾਣਾ ਗੇਟ ਹਕੀਮਾ ਦੀ ਪੁਲਿਸ ਨੇ ਵਿਨੀਤ ਕੁਮਾਰ, ਹਨੀ, ਨੰਨੂ, ਮਲਕੀਤ ਸਿੰਘ ਅਤੇ ਉਨ੍ਹਾਂ ਦੇ ਇਕ ਅਣਪਛਾਤੇ ਸਾਥੀ ਵਿਰੁਧ ਕੇਸ ਦਰਜ ਕੀਤਾ ਹੈ। ਮ੍ਰਿਤਕਾ ਦੇ ਭਰਾ ਸੁਜਲ ਸਹੋਤਾ ਨੇ ਦਸਿਆ ਕਿ 15 ਜੁਲਾਈ ਨੂੰ ਉਸ ਦੇ ਮਾਸੜ ਨੇ ਫ਼ੋਨ ਕਰ ਕੇ ਉਸ ਨੂੰ ਅਪਣੀ ਭੈਣ ਨਾਲ ਆਉਣ ਲਈ ਕਿਹਾ, ਜਿਥੇ ਉਸ ਦੀ ਭੈਣ ’ਤੇ ਸੋਨੇ ਦੇ ਗਹਿਣੇ ਚੋਰੀ ਕਰਨ ਦਾ ਦੋਸ਼ ਲਾਇਆ ਗਿਆ। ਪਹਿਲਾਂ ਤਾਂ ਮਾਸੜ ਨੇ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਅਤੇ ਉਸ ਤੋਂ ਬਾਅਦ ਉਸ ਨੇ ਅਪਣੇ ਭਰਾ ਨੰਨੂ ਨੂੰ ਬੁਲਾ ਲਿਆ। ਦੋਵੇਂ ਉਸ ਦੀ ਭੈਣ ਨੂੰ ਇਕ ਕਮਰੇ ’ਚ ਲੈ ਗਏ, ਜਿਥੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਕੁੱਝ ਸਮੇਂ ਬਾਅਦ ਦੋਵੇਂ ਭਰਾ ਉਸ ਦੀ ਮਾਸੀ ਨੂੰ ਲੈ ਕੇ ਉਪਰਲੇ ਕਮਰੇ ’ਚ ਗਏ, ਉਹ ਵੀ ਉਨ੍ਹਾਂ ਦੇ ਪਿੱਛੇ-ਪਿੱਛੇ ਚਲਾ ਗਿਆ। ਕਮਰੇ ’ਚ ਜਾ ਕੇ ਦੇਖਿਆ ਤਾਂ ਉਸ ਦੀ ਭੈਣ ਨਗਨ ਹਾਲਤ ’ਚ ਪਈ ਸੀ ਜਿਸ ਨੂੰ ਉਸ ਦੀ ਮਾਸੀ ਨੇ ਕੱਪੜੇ ਪਾਏ। ਜਦੋਂ ਉਨ੍ਹਾਂ ਨੇ ਦੇਖਿਆ ਤਾਂ ਉਸ ਦੀ ਭੈਣ ਦੀ ਮੌਤ ਹੋ ਚੁੱਕੀ ਸੀ। ਇਸ ਤੋਂ ਬਾਅਦ ਉਸ ਦੇ ਮਾਸੜ ਨੇ ਅਪਣੀ ਲਾਲ ਰੰਗ ਦੀ ਗੱਡੀ ਕੱਢੀ ਅਤੇ ਲਾਸ਼ ਪਿਛਲੀ ਸੀਟ ’ਤੇ ਰੱਖ ਦਿਤੀ। ਫਿਰ ਉਸ ਨੂੰ ਅਤੇ ਉਸ ਦੀ ਮਾਸੀ ਨੂੰ ਬਿਠਾ ਕੇ ਉਹ ਉਨ੍ਹਾਂ ਦੇ ਘਰ ਜਲੰਧਰ ਵਲ ਚਲ ਪਿਆ। ਸੁਜਲ ਨੇ ਦਸਿਆ ਕਿ ਉਸ ਦਾ ਮਾਸੜ ਵਿਨੀਤ ਕੁਮਾਰ ਉਸ ਦੀ ਭੈਣ ਨਾਲ ਗ਼ਲਤ ਸਬੰਧ ਬਣਾਉਣਾ ਚਾਹੁੰਦਾ ਸੀ। ਜਦੋਂ ਉਸ ਦੀ ਭੈਣ ਨੇ ਇਸ ਦਾ ਇਨਕਾਰ ਕੀਤਾ ਤਾਂ ਮੁਲਜ਼ਮ ਨੇ ਉਸ ਦਾ ਬੇਰਹਿਮੀ ਨਾਲ ਕਤਲ ਕਰ ਦਿਤਾ। ਪੁਲਿਸ ਨੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਸ਼ੁਰੂ ਕਰ ਦਿਤੀ ਹੈ।



ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਸਰਕਾਰ ਦੀਆਂ ਟਾਲਮਟੋਲ ਨੀਤੀਆਂ ਵਿਰੁੱਧ 3 ਅਗਸਤ ਤੋਂ ਹੜਤਾਲ ਕਰਕੇ ਕੀਤੇ ਜਾਣਗੇ ਸ਼ਘੰਰਸ਼: ਰੇਸ਼ਮ ਸਿੰਘ ਗਿੱਲ

## ਘੱਟ ਤਨਖਾਹਾਂ 'ਤੇ ਕੱਚੇ ਮੁਲਾਜ਼ਮਾਂ ਦਾ ਠੇਕੇਦਾਰ ਰਾਹੀਂ ਹੋ ਰਿਹਾ ਸ਼ੋਸ਼ਣ, ਕਿਲੋਮੀਟਰ ਬੱਸਾਂ ਨਾਲ ਵਿਭਾਗਾਂ ਦਾ ਹੋ ਰਿਹਾ ਨਿਜੀਕਰਨ: ਸ਼ਮਸ਼ੇਰ ਸਿੰਘ ਢਿੱਲੋਂ

**ਲੁਧਿਆਣਾ:** ਮਿਤੀ 19/07/2026 ਨੂੰ ਪੰਜਾਬ ਰੋਡਵੇਜ਼ ,ਪਨਬਸ/ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ 25/11 ਦੀ ਮੀਟਿੰਗ ਈਸੜੂ ਭਵਨ ਲੁਧਿਆਣਾ ਵਿਖੇ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਬੋਲਦਿਆਂ ਆਗੂਆਂ ਨੇ ਕਿਹਾ ਕਿ ਸੱਤਾ ਵਿੱਚ ਆਉਣ ਸਮੇ ਸਰਕਾਰ ਨੇ ਵੱਡੇ ਵਾਅਦੇ ਕੀਤੇ ਸਨ ਕਿ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਾਗੇ ਠੇਕੇਦਾਰੀ ਸ਼ਿਸ਼ਟਮ ਬੰਦ ਕਰਕੇ ਪੂਰੀਆਂ ਤਨਖਾਹਾ ਦਿੱਤੀਆ ਜਾਣਗੀਆਂ ਪ੍ਰੰਤੂ 4 ਸਾਲ ਤੋਂ ਵੱਧ ਸਮਾ ਬੀਤ ਜਾਣ ਦੇ ਬਾਵਜੂਦ ਮੀਟਿੰਗਾ ਤੋ ਇਲਾਵਾ ਕੁਝ ਨਹੀਂ ਕੀਤਾ ਹੁਣ ਤੱਕ ਸਰਕਾਰ ਨਾਲ 60-65 ਮੀਟਿੰਗ ਹੋ ਚੁੱਕੀਆਂ ਹਨ ਸਰਕਾਰ ਨੇ ਲਾਰੇ ਤੇ ਲਾਰਾ ਲਾ ਕੇ ਸਮਾਂ ਟਪਾਉਣ ਦੀ ਕੋਸਿਸ ਕੀਤੀ ਜਾ ਰਹੀ ਹੈ,ਸਰਕਾਰ ਵਲੋ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਲਈ ਕਮੇਟੀਆ ਗਠਿਤ ਕੀਤੀਆਂ ਜਾਂਦੀਆਂ ਹਨ ਪ੍ਰੰਤੂ ਮੰਗਾਂ ਜਿਉਂ ਦੀ ਤਿਉਂ ਲਮਕ ਰਹੀਆਂ ਹਨ,ਹੁਣ ਤੱਕ ਟਰਾਂਸਪੋਰਟ ਵਿਭਾਗ ਦਾ ਸਰਕਾਰ ਵੱਲੋਂ ਇੱਕ ਵੀ ਮੁਲਾਜ਼ਮ ਪੱਕਾ ਨਹੀਂ ਕੀਤਾ ਗਿਆ ਠੇਕੇਦਾਰੀ ਸਿਸਟਮ ਤਹਿਤ ਮੁਲਾਜਮਾ ਦਾ ਸ਼ੋਸਣ ਕੀਤਾ ਜਾਂ ਰਿਹਾ ਹੈ ਕਰੋੜਾਂ ਰੁਪਏ ਦੀ ਲੁੱਟ ਠੇਕੇਦਾਰ ਰਾਹੀਂ ਕੀਤੀ ਗਈ ਹੈ ਸ਼ਿਕਾਇਤਾ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਜਦੋਂ ਕਿ ਮਾਨਯੋਗ ਹਾਈ ਕੋਰਟ ਵੱਲੋਂ ਬਰਾਬਰ ਕੰਮ ਬਰਾਬਰ ਤਨਖਾਹ ਦੇ ਫੈਸਲੇ ਸਮੇਤ ਮਾਨਯੋਗ ਹਾਈ ਕੋਰਟ ਵੱਲੋਂ ਮਲਾਜਮਾ ਨੂੰ ਪੱਕਾ ਕਰਨ ਦੇ ਫੈਸਲੇ ਹੱਕ ਵਿੱਚ ਆਉਣ ਦੇ ਬਾਵਜੂਦ ਵੀ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਦਾ ਹੱਲ ਨਹੀਂ ਕੀਤਾ ਜਾ ਰਿਹਾ। ਸੂਬਾ ਜਰਨਲ ਸਕੱਤਰ ਸ਼ਮਸ਼ੇਰ ਸਿੰਘ ਢਿੱਲੋ,ਜੁਆਇੰਟ ਸਕੱਤਰ ਜੋਧ ਸਿੰਘ,ਜਲੌਰ ਸਿੰਘ,ਮੀਤ ਪ੍ਰਧਾਨ ਜਤਿੰਦਰ ਸਿੰਘ ਨੇ ਬੋਲਦਿਆਂ ਕਿਹਾ ਕਿ ਸਰਕਾਰ ਵੱਲੋਂ ਸਪੈਸ਼ਲ ਕਾਂਡਰ ਪਾਲਸੀ ਕੰਟਰੈਕਟ ਮੁਲਾਜ਼ਮਾਂ ਤੇ ਧੱਕੇਸ਼ਾਹੀ ਨਾਲ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾਂ ਰਹੀ ਹੈ, ਦੂਸਰੇ ਪਾਸੇ ਆਊਟ ਸੋਰਸ ਮੁਲਾਜ਼ਮਾਂ ਦੀ ਭਰਤੀ ਰਿਸ਼ਵਤਖੋਰੀ ਰਾਹੀਂ ਕੀਤੀ ਜਾ ਰਹੀ ਹੈ ਜਿਸ ਵਿੱਚ ਪਨਬੱਸ ਦੇ ਉੱਚ ਅਧਿਕਾਰੀਆਂ ਦੇ ਮਿਲੇ ਹੋਣ ਦੇ ਸਬੂਤਾ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ ਸਗੋ ਹੋਰ ਕੁਰੱਪਸ਼ਨ ਕਰਨ ਲਈ ਸਰਕਾਰ ਕਿਲੋਮੀਟਰ ਸਕੀਮ ਤਹਿਤ ਬੱਸਾਂ ਪਾ ਕੇ ਵਿਭਾਗ ਦਾ ਨਿੱਜੀਕਰਣ ਕਰਨ ਵਾਲੇ ਪਾਸੇ ਨੂੰ ਜਾ ਰਹੀ ਹੈ। ਜਿਸ ਦਾ ਵਿਰੋਧ ਕਰਦੇ



ਮੁਲਾਜ਼ਮਾਂ ਤੇ ਨਜਾਇਜ਼ ਪਰਚੇ ਕਰਕੇ ਜੇਲਾਂ ਵਿੱਚ ਬੰਦ ਕਰਕੇ ਆਵਾਜ਼ ਨੂੰ ਦਬਾਇਆ ਗਿਆ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਦੀਆਂ ਪ੍ਰਾਈਵੇਟ ਕਿਲੋਮੀਟਰ ਬੱਸਾਂ ਪਾਈਆਂ ਗਈਆਂ ਅਤੇ ਹੁਣ ਕੁਝ ਭ੍ਰਿਸ਼ਟ ਅਧਿਕਾਰੀਆਂ ਦੀ ਮਿਲੀ ਭੁਗਤ ਅਤੇ ਕਰੱਪਸ਼ਣ ਦੀ ਮਨਸ਼ਾ ਨਾਲ ਵਿਭਾਗਾਂ ਦੀਆਂ ਮਾਲਕੀ ਬੱਸਾ ਨੂੰ ਸਪੇਅਰ ਤੋਂ ਖੜੀਆਂ ਕਰਕੇ ਪ੍ਰਾਈਵੇਟ ਕਿਲੋਮੀਟਰ ਬੱਸਾ ਚਲਾਈਆਂ ਜਾਂ ਰਹੀਆਂ ਹਨ ਪਿਛਲੇ 4 ਸਾਲ ਤੋਂ ਵੱਧ ਸਮਾ ਬੀਤਣ ਦੇ ਬਾਵਜੂਦ ਇੱਕ ਵੀ ਬੱਸ ਵਿਭਾਗ ਦੇ ਵਿੱਚ ਨਹੀਂ ਪਈ ਗਈ ਉਲਟਾ ਕਿਲੋਮੀਟਰ ਸਕੀਮ ਨੂੰ ਤਰਜ਼ੀਹ ਦਿੱਤੀ ਜਾਂ ਰਹੀ ਜਦੋਂ ਕਿ ਵਿਭਾਗ ਦੀਆਂ ਬੱਸਾਂ ਦੇ ਨਾਲ ਨਵੇਂ ਰੋਜ਼ਗਾਰ ਪੈਦਾ ਹੋਣਗੇ ਪੰਜਾਬ ਦੇ ਵਿੱਚ ਫੈਲ ਹੋਈ ਬੇਰੋਜ਼ਗਾਰੀ ਖਤਮ ਹੋ ਸਕਦੀ ਹੈ ਪਰ ਸਰਕਾਰ ਟਰਾਂਸਪੋਰਟ ਵਿਭਾਗ ਨੂੰ ਚਲਾਉਣ ਵਿੱਚ ਫੇਲ ਹੋ ਚੁੱਕੀ ਹੈ ਜੇਕਰ ਸਰਕਾਰ ਨੇ ਮੁਲਾਜ਼ਮਾਂ ਨੂੰ ਪੱਕਾ ਨਾ ਕੀਤਾ ਅਤੇ ਜੇਲ੍ਹਾਂ ਵਿੱਚ ਬੰਦ ਸਾਥੀਆਂ ਦੇ ਪਰਚੇ ਰੱਦ ਨਾ ਕੀਤੇ ਤਾਂ ਜੰਥੇਬੰਦੀ ਵਲੋਂ ਮਜਬੂਰਨ ਸਰਕਾਰ ਦੀਆਂ ਸਿਆਸੀ ਰੈਲੀਆਂ ਦਾ ਬਾਈਕਾਟ ਕੀਤਾ ਜਾਵੇਗਾ ਸਰਕਾਰ ਦੀਆ ਮਾਰੂ ਨੀਤੀਆਂ ਦੇ ਖਿਲਾਫ ਪ੍ਰੈਸ ਕਾਨਫਰੰਸ ਕੀਤੀ ਜਾਵੇਗੀ। ਸੂਬਾ ਆਗੂ ਰੋਹੀ ਰਾਮ ਸੀ ਮੀਤ ਪ੍ਰਧਾਨ ਜਗਜੀਤ ਸਿੰਘ ਲਿਬੜਾ, ਪ੍ਰਦੀਪ ਕੁਮਾਰ ਨੇ ਬੋਲਦਿਆ ਕਿਹਾ ਕਿ ਸਰਕਾਰ ਵਲੋ 24-6-2026 ਦੀ ਮੀਟਿੰਗ ਵਿੱਚ ਸਰਕਾਰ ਵੱਲੋ 10 ਦਿਨ ਦਾ ਸਮਾਂ ਮੰਗਿਆ ਗਿਆ ਸੀ ਕਿ ਟਰਾਂਸਪੋਰਟ ਵਿਭਾਗ ਦੇ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਖਰੜਾ ਤਿਆਰ ਕੀਤਾ ਜਾਵੇਗਾ ਆਊਟ ਸੋਰਸ ਮੁਲਾਜ਼ਮਾਂ ਨੂੰ ਕੰਟਰੈਕਟ ਤੇ ਕਰਨ ਲਈ ਸਮਾਂ ਸੀਮਾ 3 ਸਾਲ ਕੀਤੀ ਜਾਵੇਗੀ ਬਾਕੀ ਮੰਗਾਂ ਦਾ ਹੱਲ ਤਰੁੰਤ ਕੱਢਿਆ ਜਾਵੇਗਾ ਪ੍ਰੰਤੂ ਕੋਈ ਹੱਲ ਨਹੀਂ ਕੱਢਿਆ ਗਿਆ ਹੁਣ ਫੇਰ ਟਾਲਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ ਭਰੋਸਾ ਦਿੱਤਾ ਗਿਆ ਹੈ ਵਿਧਾਨ ਸਭਾ ਮੌਨਸੂਨ ਸੈਸ਼ਨ ਦੇ ਵਿੱਚ ਕੱਚੇ ਮੁਲਾਜ਼ਮਾਂ ਦੇ ਹੱਕ ਵਿੱਚ ਦੋ ਐਕਟ ਪਾਸ ਕੀਤੇ ਜਾਣਗੇ ਅਤੇ ਠੇਕੇਦਾਰੀ ਸਿਸਟਮ ਨੂੰ ਖਤਮ ਕੀਤਾ ਜਾਵੇਗਾ ਪ੍ਰੰਤੂ ਸਰਕਾਰ ਦੀ ਮਨਸ਼ਾ ਸਾਫ ਦਿਖਾਈ ਦਿੰਦੀ ਹੈ ਕਿ ਇਹ ਸਰਕਾਰ ਵੀ ਪਿਛਲੀਆ ਸਰਕਾਰ ਵਾਗੂ ਹੀ ਲੰਮਕਦਾ ਕਨੂੰਨ ਲੈ ਕੇ ਆਵੇਗੀ ਜ਼ੋ ਕਿ ਮੁਲਾਜ਼ਮਾਂ ਤੇ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦਾ ਦਿਖਾਈ ਦੇ ਰਿਹਾ ਕਿਉਂਕਿ ਘੱਟੋਂ ਘੱਟ ਉਜ਼ਰਤਾਂ ਵਿੱਚ 15% ਤਨਖਾਹ ਵਾਧਾ ਟਰਾਂਸਪੋਰਟ ਵਿਭਾਗ ਦੀ ਮੈਨਿਜਮੈਟ ਵਲੋਂ 2 ਮਹੀਨੇ ਲਾਗੂ ਨਹੀਂ ਕੀਤਾ ਗਿਆ ਹੜਤਾਲ ਕਰਕੇ ਲਾਗੂ ਕਰਵਾਇਆ ਗਿਆ ਹੈ। ਇਹ ਫੈਸਲਾ ਵੀ ਮੈਨਿਜਮੈਟ ਲਾਗੂ ਨਹੀਂ ਕਰਦੀ ਹੁਣ ਤੱਕ 2023 ਦੀਆ ਮੰਨੀਆਂ ਮੰਗਾਂ ਦਾ ਹੱਲ ਨਹੀਂ ਕੀਤਾ, ਜਦੋਂ ਕਿ ਮਾਨਯੋਗ ਹਾਈ ਕੋਰਟ ਦੇ ਫੈਸਲੇ ਵੀ ਮੁਲਾਜ਼ਮਾਂ ਦੇ ਹੱਕ ਵਿੱਚ ਹੋ ਰਹੇ ਹਨ ਮੈਨਿਜਮੈਟ ਅਤੇ ਸਰਕਾਰ ਦੀ ਨੀਅਤ ਵਿੱਚ ਖੋਟ ਹੈ ਜੇਕਰ ਸਰਕਾਰ ਨੇ ਜਲਦੀ ਮੰਗਾਂ ਦਾ ਹੱਲ ਨਾ ਕੀਤਾ ਤਾਂ ਸਰਕਾਰ ਨੂੰ ਜਗਾਉਣ ਦੇ ਲਈ ਮਿਤੀ 27/07/2026 ਨੂੰ ਸਮੂਹ ਡਿੱਪੂ ਦੇ ਗੇਟ ਰੈਲੀ ਕੀਤੀਆਂ ਜਾਣਗੀਆਂ 3-4-5 ਅਗਸਤ 2026 ਨੂੰ ਤਿੰਨ ਰੋਜ਼ਾ ਹੜਤਾਲ ਕਰਕੇ ਟਰਾਂਸਪੋਰਟ ਮੰਤਰੀ ਪੰਜਾਬ/ਮੁੱਖ ਮੰਤਰੀ ਪੰਜਾਬ ਦੀ ਰਹਾਇਸ਼ ਅੱਗੇ ਧਰਨਾ ਦਿੱਤਾ ਜਾਵੇਗਾ ਸਰਕਾਰ ਦਾ ਪਿੱਟ ਸਿਆਪਾ ਕੀਤਾ ਜਾਵੇਗਾ ਅਤੇ ਆ ਰਹੇ ਵਿਧਾਨ ਸਭਾ ਸ਼ੈਸ਼ਨ ਦੋਰਾਨ ਭੁੱਖ ਹੜਤਾਲ ਸਮੇਤ ਧਰਨਾ ਸ਼ੁਰੂ ਕੀਤਾ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਮਨੇਜਮੈਂਟ ਦੀ ਹੋਵੇਗੀ ਮੀਟਿੰਗ ਵਿੱਚ ਸੂਬਾ ਕੈਸ਼ੀਅਰ ਬਲਜੀਤ ਸਿੰਘ, ਸੀ ਮੀਤ ਪ੍ਰਧਾਨ ਬਲਜਿੰਦਰ ਸਿੰਘ, ਮੀਤ ਪ੍ਰਧਾਨ ਗੁਰਬਾਜ ਸਿੰਘ, ਭਗਤ ਸਿੰਘ, ਸਰਬਜੀਤ ਸਿੰਘ, ਕੁਲਵੰਤ ਸਿੰਘ, ਹਰਪ੍ਰੀਤ ਸਿੰਘ ਸੋਢੀ, ਸਲੁੱਖਣ ਸਿੰਘ, ਜਗਦੀਸ਼ਵਰ ਸਮੇਤ ਆਦਿ ਆਗੂ ਮੀਟਿੰਗ ਵਿੱਚ ਹਾਜ਼ਰ ਹੋਏ।

# ਪਟਿਆਲਾ ਵਿਚ ਵਿਦਿਆਰਥਣ 'ਤੇ ਨੁਕੀਲੇ ਔਜ਼ਾਰ ਨਾਲ ਹਮਲਾ, ਸੀਸੀਟੀਵੀ ਵਿਚ ਕੈਦ ਹੋਈ ਘਟਨਾ

**ਪਟਿਆਲਾ।** ਪਟਿਆਲਾ ਵਿੱਚ ਦਿਨ-ਦਿਹਾੜੇ ਇੱਕ ਸਕੂਲੀ ਵਿਦਿਆਰਥਣ 'ਤੇ ਇੱਕ ਤਿੱਖੇ ਅਤੇ ਨੁਕੀਲੇ ਔਜ਼ਾਰ ਨਾਲ ਹਮਲਾ ਕੀਤਾ ਗਿਆ। ਹਮਲ-ਾਵਰ ਚੋਰੀ-ਛਿਪੇ ਪਿੱਛੋਂ ਆਇਆ, ਗਲੀ ਵਿੱਚ ਜਾ ਰਹੀ ਲੜਕੀ ਦੀਆਂ ਲੱਤਾਂ ਦੇ ਵਿਚਕ-ਾਰ ਨੁਕੀਲਾ ਔਜ਼ਾਰ ਖੋਭਿਆ ਅਤੇ ਤੁਰੰਤ ਫਰਾਰ ਹੋ ਗਿਆ। ਇਸ ਤੋਂ ਬਾਅਦ ਲੜਕੀ ਦਰਦ ਨਾਲ ਕੁਰਲਾਉਂਦੀ ਹੋਈ ਗਲੀ ਵਿੱਚ ਡਿੱਗ ਪਈ। ਇਸ ਘਟਨਾ ਦੀ ਸੀਸੀਟੀਵੀ ਫੁਟੇਜ ਵੀ ਸਾਹ-ਮਣੇ ਆਈ ਹੈ, ਜਿਸ ਵਿੱਚ ਨੌਜਵਾਨ ਹਮਲਾਵਰ ਨੂੰ ਸਾਫ਼ ਦੇਖਿਆ ਜਾ ਸਕਦਾ ਹੈ। ਪੁਲਿਸ ਦਾ ਕਹਿਣਾ ਹੈ ਕਿ ਹਮਲਾਵਰ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਉਸ ਦੇ ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਇਹ ਨੌਜਵਾਨ ਮਾਨਸਿਕ ਤੌਰ 'ਤੇ ਬਿਮਾਰ ਹੈ। ਇਸ ਦੌਰਾਨ, ਜ਼ਖ਼ਮੀ ਹਾਲਤ ਵਿੱਚ ਲੜਕੀ ਨੂੰ ਇੱਕ ਨਿੱਜੀ ਹਸਪਤਾਲ ਲਿਜਾਇਆ ਗਿਆ। ਉੱਥੇ ਡਾਕਟਰ ਨੇ ਉਸ ਦੇ ਜ਼ਖ਼ਮਾਂ 'ਤੇ ਪੱਟੀ ਕੀਤੀ ਅਤੇ ਉਸ ਨੂੰ ਛੁੱਟੀ ਦੇ ਦਿੱਤੀ। ਉਸ ਦੇ ਲੱਤਾਂ ਦੇ ਵਿਚਕਾਰਲੇ ਹਿੱਸੇ 'ਤੇ ਮਾਮੂਲੀ ਸੱਟ ਲੱਗੀ ਸੀ। ਪੁਲਿਸ ਅਨੁਸਾਰ, ਉਸ ਨੇ ਟਰਾਊਜ਼ਰ ਪਹਿਨੀ ਹੋਈ ਸੀ, ਜਿਸ ਕਾਰਨ ਉਹ ਸੂਏ ਵਰਗੇ ਹਥਿਆਰ ਦੇ ਪੂਰੇ ਵਾਰ ਤੋਂ ਬਚ ਗਈ। ਪੁਲਿਸ ਅਨੁਸਾਰ, ਇਹ ਘਟਨਾ ਪਟਿਆਲਾ ਦੇ ਬਿਸ਼ਨ ਨਗਰ



ਇਲਾਕੇ ਵਿੱਚ ਵਾਪਰੀ। ਸੀਸੀਟੀਵੀ ਫੁਟੇਜ ਤੋਂ ਪਤਾ ਲੱਗਦਾ ਹੈ ਕਿ ਇਹ ਘਟਨਾ 17 ਜੁਲਾਈ ਨੂੰ ਸਵੇਰੇ ਕਰੀਬ 10 ਵਜੇ ਵਾਪਰੀ ਸੀ। ਇਸ ਇਲਾਕੇ ਵਿੱਚ ਰਹਿਣ ਵਾਲੀ ਇੱਕ ਲੜਕੀ ਮੋਢੇ 'ਤੇ ਬੈਗ ਪਾ ਕੇ ਸਕੂਲ ਜਾ ਰਹੀ ਸੀ। ਉਸ ਨੇ ਆਪਣਾ ਚਿਹਰਾ ਇੱਕ ਸਕਾਰਫ਼ ਨਾਲ ਢੱਕਿਆ ਹੋਇਆ ਸੀ। ਜਦੋਂ ਉਹ ਬਿਸ਼ਨ ਨਗਰ ਦੀ ਗਲੀ ਨੰਬਰ 9 ਵਿੱਚੋਂ ਲੰਘੀ, ਤਾਂ ਇੱਕ ਨੌਜਵਾਨ ਪਿੱਛੋਂ ਭੱਜਦਾ ਹੋਇਆ ਆਇਆ, ਉਸ ਦੀਆਂ ਲੱਤਾਂ ਦੇ ਵਿਚਕਾਰਲੇ ਹਿੱਸੇ 'ਤੇ ਕਿਸੇ ਤਿੱਖੀ ਅਤੇ ਨੁਕੀਲੀ ਚੀਜ਼ ਨਾਲ ਵਾਰ ਕੀਤਾ ਅਤੇ ਫਰਾਰ ਹੋ ਗਿਆ। ਇਸ ਵਾਰ ਨਾਲ ਜ਼ਖ਼ਮੀ ਹੋਈ ਲੜਕੀ ਚੀਕ ਪਈ ਅਤੇ ਉੱਥੇ ਹੀ ਗਲੀ ਵਿੱਚ ਡਿੱਗ ਪਈ। ਬਾਅਦ ਵਿੱਚ ਰਾਹਗੀਰਾਂ ਨੇ ਉਸਦੇ ਪਰਿਵਾਰ ਨੂੰ ਇਸ ਘਟਨਾ ਬਾਰੇ ਸੂਚਿਤ ਕੀਤਾ। ਪਰਿਵਾਰ ਤੁਰੰਤ ਲੜਕੀ ਨੂੰ ਇੱਕ ਨਿੱਜੀ ਹਸਪਤਾਲ ਲੈ ਗਿਆ, ਜਿੱਥੇ ਉਸ ਦਾ ਇਲਾਜ ਕੀਤਾ ਗਿਆ। ਹਾਲਾਂਕਿ, ਸੱਟ ਗੰਭੀਰ ਨਾ ਹੋਣ ਕਾਰਨ, ਜ਼ਖ਼ਮ 'ਤੇ ਪੱਟੀ ਕਰਨ ਤੋਂ ਬਾਅਦ ਉਸ ਨੂੰ ਛੁੱਟੀ ਦੇ ਦਿੱਤੀ ਗਈ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਬਾਬਾ ਬੀਰ ਸਿੰਘ ਨੌਰਾਗਾਬਾਦੀ ਜੀ ਦੇ ਜਨਮ ਦਿਹਾੜੇ ਮੌਕੇ ਧਾਰਮਿਕ ਸਮਾਰੋਹ ਆਯੋਜਿਤ

**ਕਪੂਰਥਲਾ, 19 ਜੁਲਾਈ ( ਵਿਸ਼ੇਸ਼ ਪ੍ਰਤੀਨਿਧ )–** ਮਹਾਨ ਸ਼ਹੀਦ ਪੂਰਨ ਬ੍ਰਹਮ ਗਿਆਨੀ ਪਰਉਪਕਾਰੀ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਦਾ ਜਨਮ ਦਿਹਾੜਾ ਇਤਿਹਾਸਕ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਬੂਲਪੁਰ ਵਿਖੇ ਮੁੱਖ ਸੇਵਾਦਾਰ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਨਵਾਂ ਬਾਬਾ ਹਰਜੀਤ ਸਿੰਘ ਕਾਰ ਸੇਵਾ ਵਾਲਿਆਂ ਦੀ ਸਰਪ੍ਰਸਤੀ ਹੇਠ ਇਲਾਕੇ ਭਰ ਦੀਆਂ ਸੰਗਤਾਂ ਵੱਲੋਂ ਬੜੀ ਹੀ ਸ਼ਰਧਾ ਭਾਵਨਾ, ਸਤਿਕ–ਾਰ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਗ੍ਰੰਥੀ ਸਿੰਘ ਵੱਲੋਂ ਅਰਦਾਸ ਕੀਤੀ ਗਈ । ਉਪਰੰਤ ਦੀਵਾਨ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸੁੰਦਰ ਦੀਵਾਨ ਸਜਾਏ ਗਏ। ਸਮਾਗਮ ਦੌਰਾਨ ਪੰਥ ਪ੍ਰਸਿੱਧ ਭਾਈ ਅਵਤਾਰ ਸਿੰਘ ਦੂਲੋਵਾਲ ਦੇ ਕਵੀਸ਼ਰੀ ਜਥੇ ਨੇ ਸੰਗਤਾਂ ਨੂੰ ਬਾਬਾ ਬੀਰ ਸਿੰਘ ਜੀ ਦੇ ਜੀਵਨ ਸੰਬੰਧੀ ਕਵੀਸ਼ਰੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ॥ ਮਹਾਨ ਸ਼ਹੀਦ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਦੇ ਜਨਮ ਦਿਹਾੜੇ ਦੇ ਸਮਾਗਮ ਦੌਰਾਨ





ਸੰਗਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਗਿਆ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਘਰ ਨਤਮਸਤਕ ਹੋ ਕੇ ਲਾਹਾ ਪ੍ਰਾਪਤ ਕੀਤਾ। ਸਮਾਗਮ ਦੌਰਾਨ ਸਟੇਜ ਸਕੱਤਰ ਦੀ ਸੇਵਾ ਸਰਵਣ ਸਿੰਘ ਚੰਦੀ ਵੱਲੋਂ ਬਾਖੂਬੀ ਨਿਭਾਈ ਗਈ। ਇਸ ਦੌਰਾਨ ਚਾਹ ਪਕੌੜਿਆਂ ਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ। ਇਸ ਮੌਕੇ ਤੇ ਲਖਵਿੰਦਰ ਸਿੰਘ ਮਹਿਰੋਕ, ਹਰਜਿੰਦਰ ਸਿੰਘ ਪੰਚ, ਸਾਧੂ ਸਿੰਘ ਸਾਬਕਾ ਬੀ. ਪੀ. ਈ ਓ.,ਜਸਜੀਤ ਸਿੰਘ ਲੰਬੜਦਾਰ,ਕੁੰਵਰਦੀਪ ਸਿੰਘ,ਹਰਪ੍ਰੀਤ ਸਿੰਘ ਹੈਪੀ, ਬਲਵਿੰਦਰ ਸਿੰਘ, ਬਲਦੇਵ ਸਿੰਘ, ਗੁਰਪ੍ਰੀਤ ਸਿੰਘ ਜੋਸਨ, ਮਨਦੀਪ ਸਿੰਘ ਮਿੰਟੂ, ਸੁਖਵਿੰਦਰ ਸਿੰਘ ਮਹਿਰੋਕ, ਰਾਜਬੀਰ ਸਿੰਘ, ਕੇਵਲ ਸਿੰਘ ਫੌਜੀ, ਸੁਰਜੀਤ ਸਿੰਘ, ਗੁਰਸ਼ਰਨ ਸਿੰਘ ਨੰਬਰਦਾਰ,ਹਰਨੇਕ ਸਿੰਘ ਧੰਜੂ, ਭਿੰਦਰਪਾਲ, ਗੁਰਬਿੰਦਰਪਾਲ ਸਿੰਘ, ਲਖਵਿੰਦਰਪਾਲ ਸਿੰਘ, ਹਰਪ੍ਰੀਤ ਸਿੰਘ ਮੁੱਤੀ, ਕਮਲਜੀਤ ਸਿੰਘ,ਪਰਮਿੰਦਰ ਸਿੰਘ ਜੋਸਨ, ਮਲਕੀਤ ਸਿੰਘ ਆੜਤੀਆ,ਗੁਰਪ੍ਰੀਤ ਸਿੰਘ, ਤੇਜਿੰਦਰਪਾਲ ਸਿੰਘ,ਗੁਰਮੁਖ ਸਿੰਘ,ਦਾਰਾ ਸਿੰਘ ਪਟਵਾਰੀ,ਅਨਮੋਲਪਰੀਤ ਸਿੰਘ, ਦਵਿੰਦਰ ਸਿੰਘ ਆਦਿ ਹਾਜਰ ਸਨ।

# ‘ਆਪ’ ਨੇ ਸੁਰਿੰਦਰ ਲੱਖਾ ਨੂੰ ਸਵਰਨਕਾਰ ਬੋਰਡ ਹਲਕਾ ਜਗਰਾਉ ਦਾ ਚੇਅਰਮੈਨ ਨਿਯੁਕਤ

**ਰਾਏਕੋਟ, 19 ਜੁਲਾਈ ਗੁਰਭਿੰਦਰ ਗੁਰੀ** ਪਿਛਲੇ 13 ਸਾਲਾ ਤੋ ਆਮ–ਆਦਮੀ ਪਾਰਟੀ ਵਿਚ ਤਨਦੇਹੀ ਨਾਲ ਸੇਵਾਨਿਭਾਉਣ ਵਾਲੇ ਸੁਰਿੰਦਰ ਸਿੰਘ ਲੱਖਾ ਨੂੰ ਸਵਰਨਕਾਰ ਬੋਰਡ ਦੇ ਹਲਕਾ ਜਗਰਾਉ ਦੇ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ ਇਸ ਨਿਯੁਕਤੀ ਤੇ ਨਵ–ਨਿਯੁਕਤ ਚੇਅਰਮੈਨ ਸੁਰਿੰਦਰ ਸਿੰਘ ਲੱਖਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ,ਹਲਕਾ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ,ਮਾਰਕੀਟ



ਕਮੇਟੀ ਹਠੂਰ ਦੇ ਚੇਅਰਮੈਨ ਕਰਮਜੀਤ ਸਿੰਘ ਕੰਮੀ ਡੱਲਾ ਅਤੇ ਪਾਰਟੀ ਹਾਈਕਮਾਡ ਦਾ ਧੰਨਵਾਦ ਕਰਦਿਆ ਕਿਹਾ ਕਿ ਜੋ ਜਿਮੇਵਾਰੀ ਮੈਨੂੰ ਪਾਰਟੀ ਨੇ ਦਿੱਤੀ ਹੈ।ਮੈ ਇਸ ਜਿਮੇਵਾਰੀ ਨੂੰ ਇਮਾਨਦਾਰੀ ਅਤੇ ਵਫਾਦਾਰੀ ਨਾਲ ਨਿਭਾਵਾਗਾ ਅਤੇ ਪਾਰਟੀ ਦੀ ਚੜ੍ਹਦੀ ਕਲਾਂ ਲਈ ਹਮੇਸਾ ਤੱਤਪਰ ਰਹਾਗਾ ਇਸ ਮੌਕੇ ਉਨ੍ਹਾ ਕਿਹਾ ਕਿ ਜਲਦੀ ਹੀ ਹਲਕਾ ਜਗਰਾਉ ਦੇ ਸਵਰਨਕਾਰਾ ਦੀ ਨਵੀ ਭਰਤੀ ਕੀਤੀ ਜਾਵੇਗੀ ਅਤੇ ਪਾਰਟੀ ਵੱਲੋ ਕੀਤੇ ਲੋਕ ਭਲਾਈ ਦੇ ਕੰਮਾ ਬਾਰੇ ਜਾਣੂ ਕਰਵਾਇਆ ਜਾਵੇਗਾ।

# ਬਾਬਾ ਰਬਾਬੀ ਜੀ ਲੋਪੋ ਵਾਲਿਆਂ ਨੇ 231 ਬੱਚਿਆਂ ਨੂੰ ਬਸਤਰ ਵੰਡੇ

**ਰਾਏਕੋਟ, 19 ਜੁਲਾਈ ਗੁਰਭਿੰਦਰ ਗੁਰੀ।** ਇਲਾਕੇ ਦੀਆ ਸਮੂਹ ਸੰਗਤਾ ਦੇ ਸਹਿਯੋਗ ਨਾਲ ਬਾਬਾ ਰਬਾਬੀ ਜੀ ਲੋਪੋ ਵਾਲਿਆ ਦੀ ਸਰਪ੍ਰਸਤੀ ਹੇਠ ਸਾਉਣ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਅਤੇ ਬਾਬਾ ਮਰਦਾਨਾਂ ਜੀ ਦਾ ਪ੍ਰਕਾਸ਼ ਪੁਰਬ ਪਿੰਡ ਲੋਪੋਂ ਪੱਤੀ ਮਾਲ ਜ਼ਿਲ੍ਹਾਂ ਮੋਗਾ ਵਿਖੇ ਮਨਾਇਆ ਗਿਆ।ਇਸ ਮੌਕੇ ਪਿਛਲੇ ਤਿੰਨ ਦਿਨਾ ਤੋ ਪ੍ਰਕਾਸ ਸ੍ਰੀ ਆਖੰਡ ਪਾਠਾ ਦੀ ਲੜੀ ਦੇ ਭੋਗ ਪੈਣ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।ਇਸ ਮੌਕੇ ਬਾਬਾ ਰਬਾਬੀ ਜੀ ਲੋਪੋ ਵਾਲਿਆ ਨੇ ਕਥਾ ਕੀਰਤਨ ਨਾਲ ਸੰਗਤਾ ਨੂੰ ਜੋੜੀ ਰੱਖਿਆ ਅਤੇ ਕਿਹਾ ਕਿ ਬਾਬਾ ਮਰਦ–ਾਨਾ ਜੀ ਦਾ ਜਨਮ ਪਿੰਡ ਸ਼ੇਖੂਪੁਰਾ ਰਾਏ ਭੋਏ ਕੀ ਤਲਵੰਡੀ ਸ੍ਰੀ ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਤੇ 1459 ਈਸਵੀਂ ਨੂੰ ਪਿਤਾ ਮੀਰ ਬਦਰਾ ਜੀ ਦੇ ਗ੍ਰਹਿ ਵਿਖੇ



ਮਾਤਾ ਲੱਖੋ ਜੀ ਦੀ ਪਵਿੱਤਰ ਕੁੱਖੋਂ ਹੋਇਆ।ਉਨ੍ਹਾ ਕਿਹਾ ਕਿ ਰਬਾਬੀ ਭਾਈ ਮਰਦਾਨਾ ਜੀ ਕੋਈ ਆਮ ਇਨਸਾਨ ਨਹੀਂ ਸਨ ਗੁਰੂ ਨਾਨਕ ਪਾਤਸ਼ਾਹ ਜੀ ਦੀ ਨਿਵਾਜੀ ਹੋਈ ਰੂਹ ਸਨ।ਉਨ੍ਹਾ ਕਿਹਾ ਕਿ ਇਸ ਅਸਥਾਨ ਦੀ ਸਥਾਪਨਾ ਸੱਚਖੰਡ ਵਾਸੀ ਰਬਾਬੀ ਭਾਈ ਇਕਬਾਲ ਜੀ ਲੋਪੋ ਵਾਲਿਆਂ ਨੇ ਉੱਚ ਕੋਟੀ ਦੇ ਸਾਧੂ ਸੰਤ ਮਹਾਤਮਾ ਅਤੇ ਇਲਾਕੇ ਦੀਆਂ ਗੁਰ ਸੰਗਤਾਂ ਦੇ ਨਾਲ ਮਿਲ ਕੇ 16 ਜੁਲਾਈ 1978 ਸਾਉਣ ਦੀ ਸੰਗਰਾਂਦ ਵਾਲੇ ਦਿਨ ਕੀਤੀ ਸੀ ਅਤੇ ਉਸੇ ਦਿਨ ਤੋਂ ਹੀ ਸਾਉਣ ਦੀ ਸੰਗਰਾਂਦ ਵਾਲੇ ਦਿਨ ਬਾਬਾ ਮਰਦਾਨਾ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਦਾ ਫੈਸਲਾ ਕੀਤਾ ਗਿਆ ਅਤੇ ਮੱਘਰ ਮਹੀਨੇ ਬਾਬਾ ਮਰਦਾਨਾ ਜੀ ਦਾ ਜੋਤੀ–ਜੋਤ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ।ਇਸ ਮੌਕੇ 213 ਬੱਚੀਆਂ ਤੋ ਇਲਾਵਾ ਬਜ਼ੁਰਗ ਬੀਬੀਆਂ ਨੂੰ ਬਸਤਰ ਵੰਡੇ ਗਏ ਅਤੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।ਇਸ ਮੌਕੇ ਵੱਡੀ ਗਿਣਤੀ ਵਿਚ ਇਲਾਕੇ ਦੀਆ ਗ੍ਰਾਮ ਪੰਚਾਇਤਾ,ਨੌਜਵਾਨ ਕਲੱਬਾ ਅਤੇ ਸੰਗਤਾ ਹਾਜ਼ਰ ਸਨ।

# ਸੀ ਪੀ ਆਈ (ਐਮ) ਤਹਿਸੀਲ ਜਗਰਾਉ ਦਾ 23 ਵਾਂ ਡੈਲੀਗੇਟ ਇਜਲਾਸ ਹੋਇਆ

**ਰਾਏਕੋਟ, 19 ਜੁਲਾਈ ਗੁਰਭਿੰਦਰ ਗੁਰੀ** ਸੀ ਪੀ ਆਈ (ਐਮ) ਤਹਿਸੀਲ ਜਗਰਾਉ ਦਾ 23 ਵਾਂ ਡੈਲੀਗੇਟ ਇਜਲਾਸ ਪਿੰਡ ਗੋਰਸੀਆ ਕਾਂਦਰ ਬਖਸ ਵਿਖੇ ਹੋਇਆ।ਇਸ ਡੈਲੀਗੇਟ ਇਜਲਾਸ ਦੀ ਪ੍ਰਧਾਨਗੀ ਕਾਮਰੇਡ ਗੁਰਮੇਲ ਸਿੰਘ ਬਲੀਪੁਰ, ਹਰਦੀਪ ਕੌਸ਼ਲ ਮੱਲ੍ਹਾ, ਕਾਮਰੇਡ ਚਿਮਨ ਸਿੰਘ ਬਾਘੀਆ ਕਲਾਂ ਨੇ ਕੀਤੀ।ਇਸ ਮੌਕੇ ਜਿਲ੍ਹਾ ਸਕੱਤਰ ਕਾਮਰੇਡ ਬਲਜੀਤ ਸਿੰਘ ਸਾਹੀ ਨੇ ਉਦਘਾਟਨ ਕੀਤਾ।ਇਸ ਮੌਕੇ ਪਿਛਲੇ ਤਿੰਨ ਸਾਲਾ ਦੌਰਾਨ ਸਾਨੂੰ ਸਦੀਵੀ ਵਿਛੋੜਾ ਦੇਣ ਵਾਲੇ ਕਾਮਰੇਡ ਸੀਤਾ ਰਾਮ ਯੇਚੁਰੀ ਜਨਰਲ ਸਕੱਤਰ ਸੀ ਪੀ ਆਈ (ਐਮ),ਕਾਮਰੇਡ ਬੁੱਧਦੇਬ ਭੱਟਾਚਾਰਿਆ ਸਾਬਕਾ ਮੁੱਖ ਮੰਤਰੀ ਪੱਛਮੀ ਬੰਗਾਲ,ਪੋਲਿਟਵਿਓਰੁ ਮੈਬਰ ਡਾ ਸੁਨਿਤ ਚੋਪੜਾ,ਕਾਮਰੇਡ ਹਾਕਮ ਸਿੰਘ ਡੱਲਾ, ਕਾਮਰੇਡ ਹਰਜਿੰਦਰ ਕੌਰ ਬਲੀਪੁਰ ਦੀ ਯਾਦ ਵਿਚ ਦੋ ਮਿੰਟ ਦਾ ਮੋਨਧਾਰਨ ਕਰਕੇ ਵਿਛੜੇ ਸਾਥੀਆ ਨੂੰ ਸਰਧਾਜਲੀਆ ਭੇਂਟ ਕੀਤੀਆ।ਇਸ ਮੌਕੇ ਤਹਿਸੀਲ ਇੰਚਾਰਜ ਕਾਮ–ਰੇਡ ਗੁਰਵਿੰਦਰ ਸਿੰਘ ਨੇ ਪਿਛਲੇ ਤਿੰਨ ਸਾਲਾ ਦੀ ਰਾਸ਼ਟਰੀ ਸਥਿਤੀ ਵਾਰੇ ਰਿਪੋਰਟ ਪੜ੍ਹੀ ਅਤੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀਆ ਲੋਕ ਵਿਰੋਧੀ ਨੀਤੀਆ ਵਾਰੇ ਜਾਣੂ ਕਰਵਾਇਆ ਗਿਆ।ਇਸ ਮੌਕੇ ਸਮੂਹ ਡੈਲੀਗੇਟਾ ਨੇ ਤਹਿਸੀਲ ਜਗਰਾਉ ਦੀ 21 ਮੈਬਰੀ ਕਮੇਟੀ ਨਿਯੁਕਤ



ਕੀਤੀ।ਜਿਨ੍ਹਾ ਵਿਚੋ 18 ਮੈਬਰ ਮੌਕੇ ਤੇ ਹੀ ਨਿਯੁਕਤ ਕੀਤੇ ਗਏ ਅਤੇ ਤਿੰਨ ਮੈਬਰਾ ਦੀ ਜਗ੍ਹਾ ਖਾਲੀ ਰੱਖੀ ਗਈ ਜੋ ਬਹੁਤ ਜਲਦੀ ਭਰ ਦਿੱਤੀ ਜਾਵੇਗੀ।ਇਸ ਮੌਕੇ ਸਰਬਸੰਮਤੀ ਨਾਲ ਕਾਮਰੇਡ ਪਾਲ ਸਿੰਘ ਭੰਮੀਪੁਰਾ ਨੂੰ ਤਹਿਸੀਲ ਜਗਰਾਉ ਦਾ ਸੈਕਟਰੀ ਨਿਯੁਕਤ ਕੀਤਾ ਗਿਆ ਜਿਸ ਨੂੰ ਸਮੂਹ ਹਾਊਸ ਨੇ ਪ੍ਰਵਾਨਗੀ ਦਿੱਤੀ ਗਈ।ਇਸ ਮੌਕੇ ਸੀ ਪੀ ਆਈ (ਐਮ) ਦੇ ਸਕੱਤਰੇਤ ਮੈਬਰ ਜਤਿੰਦਰਪਾਲ ਸਿੰਘ ਬੱਸੀਆ ਨੇ ਪੰਜਾਬ ਦੇ ਕਿਸਾਨਾ ਅਤੇ ਮਜਦੂਰਾ ਨਾਲ ਸਮੇਂ–ਸਮੇਂ ਦੀਆ ਸਰਕਾਰਾ ਵੱਲੋ ਕੀਤੀਆ ਧੱਕੇਸਾਹੀਆ ਬਿਆਨ ਕਰਦਿਆ ਕਿਹਾ ਕਿ ਦੇਸ ਦੀ ਤਰੱਕੀ ਵਿਚ ਮਜਦੂਰ ਜਮਾਤ ਦਾ ਇੱਕ ਵਿਸ਼ੇਸ ਯੋਗਦਾਨ ਹੁੰਦਾ ਹੈ ਪਰ ਸਾਡੀਆ ਸਰਕਾਰ ਮਜਦੂਰਾ ਨਾਲ ਮਤਰੇਈ ਮਾਂ ਵਰਗਾ ਸਲੂਕ ਕਰਦੀਆ ਹਨ ਜਿਸ ਤੋ ਸਿੱਧ ਹੈ ਕਿ ਅਸੀ ਇਨ੍ਹਾ ਲੋਟੂ ਸਰਕਾਰਾ ਨੂੰ ਚਲਦਾ ਕਰੀਏ ਅਤੇ ਸੂਬੇ ਵਿਚ ਅਮਰ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਵਾਲੀ ਸਰਕਾਰ ਬਣਾਈਏ।ਉਨ੍ਹਾ ਕਿਹਾ ਕਿ ਦਿਨੋ–ਦਿਨ ਡੀਜਲ,ਪੈਟਰੋਲ,ਰਸੋਈ ਗੈਸ ਦੀਆ ਕੀਮਤਾ ਅਤੇ ਦੇਸ ਵਿਚ ਵੱਧ ਰਹੀ ਮਹਿੰਗਾਈ ਦੇ ਵਿਰੋਧ ਵਿਚ 10 ਅਗਸਤ ਨੂੰ ਸੀਪੀਆਈ (ਐਮ) ਵੱਲੋ ਜੇਲ੍ਹ ਭਰੋ ਅੰਦੋਲਨ ਕੀਤਾ ਜਾ ਰਿਹਾ ਹੈ।ਜਿਸ ਦੀਆ ਤਿਆਰੀਆ ਲਈ ਪਿੰਡਾ ਅਤੇ ਸਹਿਰਾ ਦੇ ਲੋਕਾ ਨੂੰ ਲਾਮਵੰਦ ਕੀਤਾ ਜਾ ਰਿਹਾ ਹੈ।ਉਨ੍ਹਾ ਸਮੂਹ ਸੂਬਾ ਵਾਸੀਆ ਨੂੰ ਬੇਨਤੀ ਕੀਤੀ ਕਿ ਜੇਲ੍ਹ ਭਰੋ ਅੰਦੋਲਨ ਦਾ ਹਿੱਸਾ ਬਣੋ।ਅੰਤ ਵਿਚ ਕਾਮਰੇਡ ਬਲਜੀਤ ਸਿੰਘ ਗੋਰਸੀਆ ਖਾਨ ਮਹੁੰਮਦ ਨੇ ਅੱਜ ਦੇ ਇਜਲਾਸ ਵਿਚ ਪਹੁੰਚੇ ਸਮੂਹ ਆਗੂਆ ਦਾ ਧੰਨਵਾਦ ਕੀਤਾ।ਇਸ ਮੌਕੇ ਉਨ੍ਹਾ ਨਾਲ ਕਾਮਰੇਡ ਬੂਟਾ ਸਿੰਘ ਹਾਂਸ ਕਲਾਂ,ਕਾਮਰੇਡ ਡਾ:ਜਗਜੀਤ ਸਿੰਘ ਡਾਗੀਆ, ਪੱਤਰਕਾਰ ਕੌਸ਼ਲ ਮੱਲ੍ਹਾ, ਦਵਿੰਦਰਪਾਲ ਸ਼ਰਮਾਂ ਮੱਲ੍ਹਾ, ਸਤਨਾਮ ਸਿੰਘ ਮੱਲ੍ਹਾ, ਬਲਵੀਰ ਸਿੰਘ ਡਾਗੀਆ, ਗੁਰਦਿਆਲ ਸਿੰਘ ਤਿਹਾੜਾ, ਦਿਲਪ੍ਰੀਤ ਸਿੰਘ ਗੋਰਸੀਆ, ਦਰਸਨ ਸਿੰਘ ਤਿਹਾੜਾ, ਹਰਬੰਸ ਸਿੰਘ ਤਿਹਾੜਾ, ਮਹਿੰਦਰ ਸਿੰਘ ਗੋਰਸੀਆਂ, ਪਰਮਜੀਤ ਸਿੰਘ ਪੰਮਾ ਗੋਰਸੀਆ, ਸੁਰਜੀਤ ਸਿੰਘ ਸੋਢੀ, ਮੱਘਰ ਸਿੰਘ ਬਲੀਪੁਰ,ਖੜਕ ਸਿੰਘ ਕੰਨੀਆ ਕਲਾਂ,ਮਸਤਾਨ ਸਿੰਘ ਕੰਨੀਆ ਕਲਾਂ ਆਦਿ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਐਡੀ ਬਰਨਹਮ ਅੱਜ ਸੰਭਾਲਣਗੇ ਬਰਤਾਨੀਆ ਦੇ 59ਵੇਂ ਪ੍ਰਧਾਨ ਮੰਤਰੀ ਵਜੋਂ ਅਹੁਦਾ

**ਲੈਸਟਰ(ਇੰਗਲੈਂਡ ),19 ਜੁਲਾਈ(ਸੁਖਜਿੰਦਰ ਸਿੰਘ ਢੱਡੇ)** - ਬ੍ਰਿਟੇਨ ਦੀ ਸਿਆਸਤ ਵਿੱਚ ਅੱਜ ਸੋਮਵਾਰ ਨੂੰ ਇੱਕ ਨਵੇਂ ਦੌਰ ਦੀ ਸ਼ੁਰੂਆਤ ਹੋਣ ਜਾ ਰਹੀ ਹੈ। ਲੇਬਰ ਪਾਰਟੀ ਦੇ ਨਵੇਂ ਚੁਣੇ ਗਏ ਆਗੂ ਐਂਡੀ ਬਰਨਹਮ ਕਿੰਗ ਚਾਰਲਜ਼ ਤੀਜੇ ਨਾਲ ਮੁਲਾਕਾਤ ਤੋਂ ਬਾਅਦ ਅਧਿਕਾਰਕ ਤੌਰ 'ਤੇ ਬਰਤਾਨੀਆ ਦੇ 59ਵੇ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਣਗੇ। ਮੌਜੂਦਾ ਪ੍ਰਧਾਨ ਮੰਤਰੀ ਸਰ ਕੀਅਰ ਸਟਾਰਮਰ ਆਪਣਾ ਅਸਤੀਫ਼ਾ ਕਿੰਗ ਚਾਰਲਜ ਤੀਜੇ ਨੂੰ ਸੌਂਪਣਗੇ, ਜਿਸ ਤੋਂ ਬਾਅਦ ਬਰਨਹਮ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਜਾਵੇਗਾ। ਡਾਊਨਿੰਗ ਸਟਰੀਟ ਪਹੁੰਚਣ ਉਪਰੰਤ ਉਹ ਰਵਾਇਤੀ ਸੰਬੋਧਨ ਕਰਨਗੇ ਅਤੇ ਫਿਰ ਆਪਣੇ ਨਵੇ ਮੰਤਰੀ ਮੰਡਲ ਦਾ ਐਲਾਨ ਕਰਨਗੇ।

ਲੇਬਰ ਪਾਰਟੀ ਦੀ ਉਪ ਨੇਤਾ ਲੂਸੀ ਪਾਵਲ ਨੇ ਮੀਡੀਏ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਐਂਡੀ ਬਰਨਹਮ ਦੀ ਸਰਕਾਰ 2024 ਦੀਆਂ ਆਮ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਗਏ ਵਾਅਦਿਆਂ 'ਤੇ ਪੂਰੀ ਤਰ੍ਹਾਂ ਕਾਇਮ ਰਹੇਗੀ। ਉਨ੍ਹਾਂ ਕਿਹਾ ਕਿ ਨਵੀਂ ਲੀਡਰਸ਼ਿਪ ਪਾਰਟੀ ਦੇ ਚੋਣ ਮਨੋਰਥ ਪੱਤਰ ਤੋਂ ਪਿੱਛੇ ਨਹੀਂ ਹਟੇਗੀ, ਸਗੋਂ ਉਨ੍ਹਾਂ ਵਾਅਦਿਆਂ ਨੂੰ ਹੋਰ ਵੱਡੇ ਅਤੇ ਦਲੇਰ ਅੰਦਾਜ਼ ਨਾਲ ਅਮਲ ਵਿੱਚ ਲਿਆਏਗੀ।

ਉਨ੍ਹਾਂ ਦੇ ਅਨੁਸਾਰ ਸਰਕਾਰ ਦਾ ਮੁੱਖ ਧਿਆਨ ਮਹਿੰਗਾਈ, ਵਧ ਰਹੀ ਜੀਵਨ-ਯਾਪਨ ਦੀ ਲਾਗਤ ਅਤੇ ਬ੍ਰਿਟੇਨ ਦੀ ਅਰਥਵਿਵਸਥਾ ਨੂੰ ਮੁੜ ਮਜ਼ਬੂਤ ਬਣਾਉਣ 'ਤੇ ਕੇਂਦਰਿਤ ਰਹੇਗਾ।

ਲੂਸੀ ਪਾਵਲ ਨੇ ਕਿਹਾ ਕਿ ਐਂਡੀ ਬਰਨਹਮ ਦੀ ਅਗਵਾਈ ਸਰਕਾਰ ਲਈ ਇੱਕ ਨਵੀਂ ਸ਼ੁਰੂਆਤ ਦਾ ਮੌਕਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਉਨ੍ਹਾਂ ਸਾਰੇ ਮੁੱਦਿਆਂ ਨੂੰ ਪਿੱਛੇ ਛੱਡੇਗੀ ਜੋ ਲੋਕਾਂ ਦੀਆਂ ਅਸਲ ਸਮੱਸਿਆਵਾਂ ਤੋਂ ਧਿਆਨ ਭਟਕਾਉਂਦੇ ਹਨ ਅਤੇ ਆਪਣੀ ਪੂਰੀ ਤਾਕਤ ਲੋਕਾਂ ਦੇ ਜੀਵਨ ਪੱਧਰ ਨੂੰ ਸੁਧਾਰਨ ਵਿੱਚ ਲਗਾਏਗੀ। ਉਨ੍ਹਾਂ ਦੱਸਿਆ ਕਿ ਲੇਬਰ ਦੇ ਚੋਣ ਮਨੋਰਥ ਪੱਤਰ ਵਿੱਚ ਸੱਤਾ ਦੇ ਵਿਕੇਂਦਰੀਕਰਨ, ਦੇਸ਼ ਦੀ ਪ੍ਰਸ਼ਾਸਨਿਕ ਬਣਤਰ ਵਿੱਚ ਸੁਧਾਰ ਅਤੇ ਪ੍ਰਭਾਵਸ਼ਾਲੀ ਹਿਤ ਸਮੂਹਾਂ ਦੇ ਪ੍ਰਭਾਵ ਨੂੰ ਘਟਾਉਣ ਦੇ ਵਾਅਦੇ ਕੀਤੇ ਗਏ ਸਨ, ਜਿਨ੍ਹਾਂ ਨੂੰ ਬਰਨਹਮ ਦੀ ਸਰਕਾਰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰੇਗੀ।



ਐਂਡੀ ਬਰਨਹਮ ਵੱਲੋਂ ਲੇਬਰ ਆਗੂ ਬਣਨ ਤੋਂ ਬਾਅਦ ਕੀਤੇ ਗਏ ਪਹਿਲੇ ਵੱਡੇ ਐਲਾਨਾਂ ਵਿੱਚ ਡਿਜ਼ਿਟਲ ਆਈਡੀ ਯੋਜਨਾ ਨੂੰ ਰੱਦ ਕਰਨ ਦਾ ਫ਼ੈਸਲਾ ਵੀ ਸ਼ਾਮਲ ਹੈ। ਇਹ ਯੋਜਨਾ ਪਿਛਲੀ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਸੀ, ਪਰ ਬਰਨਹਮ ਨੇ ਇਸ ਨੂੰ ਖਤਮ ਕਰਨ ਦਾ ਐਲਾਨ ਕੀਤਾ ਹੈ। ਲੂਸੀ ਪਾਵਲ ਨੇ ਕਿਹਾ ਕਿ ਇਸ ਯੋਜਨਾ 'ਤੇ ਵੱਡੀ ਰਕਮ ਖਰਚ ਹੋਣੀ ਸੀ ਅਤੇ ਇਸ ਕਾਰਨ ਸਰਕਾਰ ਦਾ ਧਿਆਨ ਅਹਿਮ ਲੋਕ-ਹਿਤੀ ਕੰਮਾਂ ਤੋਂ ਹਟ ਸਕਦਾ ਸੀ। ਉਨ੍ਹਾਂ ਕਿਹਾ ਕਿ ਹੁਣ ਇਹ ਰਕਮ ਅਤੇ ਸਰਕਾਰੀ ਸਰੋਤ ਉਨ੍ਹਾਂ ਖੇਤਰਾਂ ਵਿੱਚ ਵਰਤੇ ਜਾਣਗੇ ਜਿੱਥੇ ਲੋਕਾਂ ਨੂੰ ਤੁਰੰਤ ਰਾਹਤ ਦੀ ਲੋੜ ਹੈ।

ਇਸ ਦੌਰਾਨ ਇਹ ਵੀ ਜਾਣਕਾਰੀ ਸਾਹਮਣੇ ਆਈ ਹੈ ਕਿ ਬਰਨਹਮ ਸਰਕਾਰ ਉੱਤਰੀ ਸਮੁੰਦਰ ਵਿੱਚ ਨਵੇਂ ਤੇਲ ਅਤੇ ਗੈਸ ਪ੍ਰੋਜੈਕਟਾਂ ਸਬੰਧੀ ਆਪਣੀ ਨੀਤੀ ਦਾ ਐਲਾਨ ਕਰ ਸਕਦੀ ਹੈ। ਲੂਸੀ ਪਾਵਲ ਨੇ ਕਿਹਾ ਕਿ ਇਸ ਮਾਮਲੇ ਵਿੱਚ ਸਰਕਾਰ ਵਿਹਾਰਕ ਰਵੱਈਆ ਅਪਣਾਏਗੀ ਅਤੇ ਇਹ ਨੀਤੀ ਵਿੱਚ ਵੱਡੀ ਤਬਦੀਲੀ ਨਹੀਂ, ਸਗੋਂ ਤਰਜੀਹਾਂ ਵਿੱਚ ਬਦਲਾਅ ਹੋਵੇਗਾ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਇਸ ਸੰਭਾਵੀ ਕਦਮ ਦਾ ਸਵਾਗਤ ਕਰਦਿਆਂ ਕਿਹਾ ਕਿ ਜੇਕਰ ਬ੍ਰਿਟੇਨ ਉੱਤਰੀ ਸਮੁੰਦਰ ਦੇ ਤੇਲ ਅਤੇ ਗੈਸ ਸਰੋਤਾਂ ਦਾ ਵੱਧ ਤੋਂ ਵੱਧ ਲਾਭ ਲੈਂਦਾ ਹੈ ਤਾਂ ਦੇਸ਼ ਦੁਨੀਆ ਦੇ ਸਭ ਤੋਂ ਖੁਸ਼ਹਾਲ ਦੇਸ਼ਾਂ ਵਿੱਚ ਸ਼ਾਮਲ ਹੋ ਸਕਦਾ ਹੈ।

ਸੂਤਰਾਂ ਅਨੁਸਾਰ ਨਵੀਂ ਸਰਕਾਰ ਜਲਦੀ ਹੀ ਪਾਣੀ ਅਤੇ ਊਰਜਾ ਖੇਤਰ ਵਿੱਚ ਸਰਕਾਰੀ ਨਿਯੰਤਰਣ ਵਧਾਉਣ, ਕੁਝ ਸੇਵਾਵਾਂ ਨੂੰ ਮੁੜ ਜਨਤਕ ਖੇਤਰ ਅਧੀਨ ਲਿਆਉਣ ਅਤੇ ਵੱਡੇ ਪੱਧਰ 'ਤੇ ਨਵੇਂ ਕੌਂਸਲ ਘਰ ਬਣਾਉਣ ਲਈ ਯੋਜਨਾਵਾਂ ਦਾ ਵੀ ਐਲਾਨ ਕਰ ਸਕਦੀ ਹੈ। ਐਂਡੀ ਬਰਨਹਮ ਪਹਿਲਾਂ ਵੀ ਪਾਣੀ ਅਤੇ ਊਰਜਾ ਵਰਗੀਆਂ ਜ਼ਰੂਰੀ ਸੇਵਾਵਾਂ 'ਤੇ ਵੱਧ ਸਰਕਾਰੀ ਨਿਯੰਤਰਣ ਦੀ ਵਕਾਲਤ ਕਰਦੇ ਰਹੇ ਹਨ। ਲੂਸੀ ਪਾਵਲ ਦਾ ਕਹਿਣਾ ਹੈ ਕਿ ਬ੍ਰਿਟੇਨ ਦੀ ਅਰਥਵਿਵਸਥਾ ਵਿੱਚ ਬਹੁਤ ਜ਼ਿਆਦਾ ਨਿੱਜੀਕਰਨ ਹੋ ਚੁੱਕਾ ਹੈ, ਜਿਸ ਕਾਰਨ ਆਮ ਲੋਕਾਂ ਦੇ ਬਿਜਲੀ, ਪਾਣੀ ਅਤੇ ਹੋਰ ਜ਼ਰੂਰੀ ਸੇਵਾਵਾਂ ਦੇ ਬਿੱਲ ਲਗਾਤਾਰ ਵਧ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸੇਵਾਵਾਂ ਨਿੱਜੀ ਕੰਪਨੀਆਂ ਦੀ ਬਜਾਏ ਲੋਕਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਚਲਾਈਆਂ ਜਾਣੀਆਂ ਚਾਹੀਦੀਆਂ ਹਨ।

ਦੂਜੇ ਪਾਸੇ ਕਨਜ਼ਰਵੇਟਿਵ ਪਾਰਟੀ ਦੀ ਨੇਤਾ ਕੇਮੀ ਬੇਡਨੋਕ ਨੇ ਐਂਡੀ ਬਰਨਹਮ ਦੀ ਆਲੋਚਨਾ ਕਰਦਿਆਂ ਕਿਹਾ ਕਿ ਦੇਸ਼ ਨੂੰ ਅਜਿਹੇ ਨੇਤਾ ਦੀ ਲੋੜ ਹੈ ਜੋ ਔਖੇ ਅਤੇ ਸਖ਼ਤ ਫ਼ੈਸਲੇ ਲੈ ਸਕੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਅਹੁਦਾ ਲੋਕਪ੍ਰਿਯਤਾ ਹਾਸਲ ਕਰਨ ਲਈ ਨਹੀਂ ਹੁੰਦਾ, ਸਗੋਂ ਦੇਸ਼ ਦੇ ਹਿੱਤ ਵਿੱਚ ਦ੍ਰਿੜ੍ਹ ਫ਼ੈਸਲੇ ਕਰਨ ਲਈ ਹੁੰਦਾ ਹੈ। ਸਾਬਕਾ ਕਨਜ਼ਰਵੇਟਿਵ ਮੰਤਰੀ ਜੈਕਬ ਰੀਸ-ਮੌਗ ਨੇ ਵੀ ਪਾਣੀ ਖੇਤਰ ਵਿੱਚ ਵੱਧ ਸਰਕਾਰੀ ਨਿਯੰਤਰਣ ਦੇ ਵਿਚਾਰ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਇਸ ਖੇਤਰ ਨੂੰ ਚਲਾਉਣ ਲਈ ਜਾਂ ਤਾਂ ਨਿੱਜੀ ਪੂੰਜੀ ਦੀ ਲੋੜ ਹੋਵੇਗੀ ਜਾਂ ਫਿਰ ਟੈਕਸਦਾਤਾਵਾਂ ਦੇ ਪੈਸੇ ਦੀ।

ਐਂਡੀ ਬਰਨਹਮ ਨੂੰ ਸ਼ੁੱਕਰਵਾਰ ਨੂੰ ਲੇਬਰ ਪਾਰਟੀ ਦਾ ਆਗੂ ਐਲਾਨਿਆ ਗਿਆ ਸੀ। ਉਹ ਇਸ ਅਹੁਦੇ ਲਈ ਇਕਲੌਤੇ ਉਮੀਦਵਾਰ ਸਨ ਅਤੇ ਉਨ੍ਹਾਂ ਨੂੰ ਪਾਰਟੀ ਦੇ 379 ਸੰਸਦ ਮੈਂਬਰਾਂ ਦਾ ਸਮਰਥਨ ਪ੍ਰਾਪਤ ਹੋਇਆ। ਕੁਝ ਵਿਰੋਧੀ ਪਾਰਟੀਆਂ ਨੇ ਮੰਗ ਕੀਤੀ ਹੈ ਕਿ ਬਰਨਹਮ ਨੂੰ ਆਪਣੀ ਸਰਕਾਰ ਲਈ ਜਨਤਕ ਮੰਡੇਟ ਹਾਸਲ ਕਰਨ ਵਾਸਤੇ ਛੇਤੀ ਆਮ ਚੋਣਾਂ ਕਰਵਾਉਣੀਆਂ ਚਾਹੀਦੀਆਂ ਹਨ, ਪਰ ਲੇਬਰ ਪਾਰਟੀ ਦਾ ਕਹਿਣਾ ਹੈ ਕਿ 2024 ਦੀਆਂ ਚੋਣਾਂ ਵਿੱਚ ਮਿਲਿਆ ਜਨਾਦੇਸ਼ ਹੀ ਸਰਕਾਰ ਨੂੰ ਆਪਣਾ ਕਾਰਜਕਾਲ ਜਾਰੀ ਰੱਖਣ ਲਈ ਕਾਫ਼ੀ ਹੈ।ਰਾਜਨੀਤਿਕ ਮਾਹਿਰਾਂ ਦਾ ਮੰਨਣਾ ਹੈ ਕਿ ਐਂਡੀ ਬਰਨਹਮ ਦੇ ਸਾਹਮਣੇ ਮਹਿੰਗਾਈ, ਆਰਥਿਕ ਵਿਕਾਸ, ਸਿਹਤ ਸੇਵਾਵਾਂ, ਰਿਹਾਇਸ਼ ਅਤੇ ਸਰਕਾਰੀ ਖਰਚਿਆਂ 'ਤੇ ਕਾਬੂ ਵਰਗੀਆਂ ਕਈ ਵੱਡੀਆਂ ਚੁਣੌਤੀਆਂ ਹੋਣਗੀਆਂ। ਉਨ੍ਹਾਂ ਦੀ ਪਹਿਲੀ ਕੈਬਿਨੇਟ ਅਤੇ ਸ਼ੁਰੂਆਤੀ ਨੀਤੀਗਤ ਫ਼ੈਸਲਿਆਂ 'ਤੇ ਨਾ ਸਿਰਫ਼ ਬ੍ਰਿਟੇਨ, ਸਗੋਂ ਅੰਤਰਰਾਸ਼ਟਰੀ ਭਾਈਚਾਰੇ ਦੀ ਵੀ ਨਜ਼ਰ ਟਿਕੀ ਹੋਈ ਹੈ।

# ਛੀਨੀਵਾਲ ਕਲਾਂ, ਖਿਆਲੀ ਅਤੇ ਸਹੌਰ ਵਿਖੇ ਵਾਰਿਸ ਪੰਜਾਬ ਦੇ ਨੂੰ ਮਿਲਿਆ ਭਰਵਾਂ ਹੁੰਗਾਰਾ , ਗੁਰਮੀਤ ਸਿੰਘ ਮਾਹਮਦਪੁਰ

## ਲੋਕ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਰੂਹ ਤੋਂ ਪਿਆਰ ਕਰਦੇ ਹਨ.ਭਾਈ ਅਵਤਾਰ ਸਿੰਘ ਰਾਏਸਰ





**ਮਹਿਲ ਕਲਾਂ (ਗੁਰਭਿੰਦਰ ਸਿੰਘ ਗੁਰੀ)** ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਨੂੰ ਹਰ ਘਰ ਤੱਕ ਪਹੁੰਚਾਉਣ ਲਈ ਦਿਨ ਰਾਤ ਇੱਕ ਕਰਕੇ ਪਾਰਟੀ ਨੂੰ ਹਰ ਘਰ ਵਿੱਚ ਲਿਜਾਣ ਲਈ ਸਖ਼ਤ ਮਿਹਨਤ ਕਰ ਰਹੀ ਹੈ ਜਿਸਦਾ ਲੋਕਾਂ ਵੱਲੋਂ ਭਰਵੇਂ ਹੁੰਗਾਰੇ ਦੇ ਰੂਪ ਵਿੱਚ ਜਵਾਬ ਮਿਲ ਰਿਹਾ ਹੈ " ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸੀਨੀਅਰ ਆਗੂ ਸ੍ਰ ਗੁਰਮੀਤ ਸਿੰਘ ਮਾਹਮਦਪੁਰ ਨੇ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਪ੍ਰਤੀ ਲੋਕਾਂ ਵਿੱਚ ਬਹੁਤ ਜ਼ਿਆਦਾ ਉਤਸ਼ਾਹ ਮਿਲਿਆ ਹੈ। ਲੋਕ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਰੂਹ ਤੋਂ ਪਿਆਰ ਕਰਦੇ ਹਨ ਅਤੇ ਵੱਡੀ ਗਿਣਤੀ ਵਿਚ ਪਾਰਟੀ ਵਿਚ ਸ਼ਾਮਿਲ ਹੋ ਰਹੇ ਹਨ। ਭਾਈ ਮਾਹਮਦਪੁਰ ਨੇ ਕਿਹਾ ਕਿ ਸਾਨੂੰ ਧੀਆਂ ਨੂੰ ਕੁੱਖ ਵਿਚ ਮਾਰਨ ਦਾ ਸਰਾਪ ਭੁਗਤਣਾ ਪੈ ਰਿਹਾ ਹੈ ਕਿ ਦਸ ਦਸ, ਪੰਦਰਾਂ ਕਿੱਲਿਆਂ ਦੇ ਮਾਲਕ ਮੁੰਡਿਆਂ ਨੂੰ ਰਿਸ਼ਤੇ ਨਹੀਂ ਮਿਲ ਰਹੇ।ਇਸ ਸਮੇਂ ਬੋਲਦਿਆਂ ਭਾਈ ਅਵਤਾਰ ਸਿੰਘ ਰਾਏਸਰ ਨੇ ਕਿਹਾ ਕਿ ਅੱਧੀ ਸਦੀ ਬਾਅਦ ਕੌਮ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੋਂ ਬਾਅਦ ਬੜੀ ਬੇਬਾਕੀ ਨਾਲ ਪੱਖ ਰੱਖਣ ਵਾਲੇ ਆਗੂ ਦੇ ਰੂਪ ਵਿੱਚ ਭਾਈ ਸਾਹਿਬ ਮਿਲੇ ਹਨ।ਇਸ ਲਈ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹਨਾ ਨੂੰ ਮੁੱਖ ਮੰਤਰੀ ਬਣਾਇਆ ਜਾਵੇ। ਭਾਈ ਗੁਰਪ੍ਰੀਤ ਸਿੰਘ ਬੜੀ ਅਤੇ ਭਾਈ ਗੁਰਪ੍ਰੀਤ ਸਿੰਘ ਕਾਲਾਬੂਲਾ ਨੇ ਪਾਰਟੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦੇਣ ਦੀ ਲੋੜ ਤੇ ਪ੍ਰਤੀਬੱਧਤਾ ਜਤਾਈ ਹੈ। ਗਿਆਨੀ ਰਣਜੀਤ ਸਿੰਘ ਚੰਨਣਵਾਲ ਨੇ ਕਿਹਾ ਕਿ ਪਾਰਟੀ ਨੂੰ ਜੁਝਾਰੂ ਜਜ਼ਬੇ ਵਾਲੇ ਵਰਕਰਾਂ ਦੀ ਲੋੜ ਹੈ। ਉਹਨਾਂ ਇਸ ਮੌਕੇ ਆਏ ਆਗੂਆਂ ਅਤੇ ਵਰਕਰਾਂ ਦਾ ਧੰਨਵਾਦ ਕੀਤਾ।ਇਸ ਸਮੇਂ ਏਕਮ ਸਿੰਘ ਸਰਪੰਚ ਨੂੰ ਪਿੰਡ ਇਕਾਈ ਦਾ ਪ੍ਰਧਾਨ ਚੁਣਿਆ ਗਿਆ। ਇਸ ਸਮੇਂ ਬਲਵਿੰਦਰ ਸਿੰਘ ਮਨਾਲ, ਇੰਦਰਜੀਤ ਸਿੰਘ ਗੰਡੇਵਾਲ, ਕੁਲਦੀਪ ਸਿੰਘ ਕਾਲੀ, ਗੁਰਭਿੰਦਰ ਸਿੰਘ ਗੁਰੀ ਮਹਿਲ ਕਲਾਂ, ਬਲਜਿੰਦਰ ਸਿੰਘ ਛਾਪਾ, ਮਲਕੀਤ ਸਿੰਘ ਸੈਕਟਰੀ, ਰਾਜਪ੍ਰੀਤ ਸਿੰਘ ਚੰਨਣਵਾਲ,ਮੇਜਰ ਸਿੰਘ ਮਹਿਲ ਖੁਰਦ ਸਮੇਤ ਵੱਡੀ ਗਿਣਤੀ ਪਾਰਟੀ ਵਰਕਰ ਹਾਜ਼ਰ ਸਨ।

# ਗੁਰਦੁਆਰਾ ਸ਼੍ਰੋਮਣੀ ਸ਼ਹੀਦ ਬਾਬਾ ਸੰਗਤ ਸਿੰਘ ਜੀ ਪਿੰਡ ਝਮਟ ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੱਕ ਧਾਰਮਿਕ ਯਾਤਰਾ



**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ ਧਾਰਮਿਕ ਯਾਤਰਾ ਗੁਰਦੁਆਰਾ ਸ਼੍ਰੋਮਣੀ ਸ਼ਹੀਦ ਬਾਬਾ ਸੰਗਤ ਸਿੰਘ ਜੀ ਪਿੰਡ ਝੱਮਟ ਤੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ, ਗੁਰਦੁਆਰਾ ਸ੍ਰੀ ਸੁਹੇਲਾ ਘੋੜਾ ਸਾਹਿਬ, ਗੁਰਦੁਆਰਾ ਸ੍ਰੀ ਪਾੜ ਸਾਹਿਬ, ਗੁਰਦੁਆਰਾ ਪਰਿਵਾਰ ਵਿਛੋੜਾ, ਗੁਰਦੁਆਰਾ ਗੁਰੂ ਕਾ ਲਾਹੌਰ ਗੁਰਦੁਆਰਾ ਸ਼੍ਰੀ ਸਿਹਰਾ ਸਾਹਿਬ ਤੋਂ ਰਾਤ ਨੂੰ ਵਾਪਸ ਆਵੇਗੀ। ਪ੍ਰੈਸ ਨਾਲ ਗੱਲਬਾਤ ਕਰਦੇ ਜਨਕਪ੍ਰੀਤ ਸਿੰਘ ਝਮਟ ਨੇ ਇਹ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਪਿੰਡ ਤੋਂ ਅਨੇਕਾਂ ਬੱਚੇ ਅੰਮ੍ਰਿਤ ਸੰਚਾਰ ਤਖਤ ਸ਼੍ਰੀ ਕੇਸਗੜ ਸਾਹਿਬ ਅਨੰਦਪੁਰ ਸਾਹਿਬ ਵਿਖੇ ਕਰਨਗੇ। ਮੀਮ ਭੀਮ ਖਾਲਸਾ ਸੰਗਠਨ ਦੇ ਸੂਬਾ ਪ੍ਰਧਾਨ ਹਰਦੇਵ ਸਿੰਘ ਬੋਪਾਰਾਏ ਨੇ ਦੱਸਿਆ ਕਿ ਗੁਰੂ ਸਾਹਿਬਾਨਾਂ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰਨ ਲਈ ਜਾ ਰਹੀਆਂ ਸੰਗਤਾਂ ਨੂੰ ਵਧਾਈ ਦਿੱਤੀ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਸ਼੍ਰੋਮਣੀ ਸ਼ਹੀਦ ਬਾਬਾ ਸੰਗਤ ਸਿੰਘ ਪ੍ਰਧਾਨ ਬਿਕਰ ਸਿੰਘ, ਗੁਰਪਿੰਦਰ ਸਿੰਘ ਝੱਮਟ, ਬਲਜੀਤ ਸਿੰਘ, ਪਰਮਜੀਤ ਸਿੰਘ, ਜਨਕਪ੍ਰੀਤ ਸਿੰਘ ਝੱਮਟ, ਹਰਦੇਵ ਸਿੰਘ ਦੇਬੀ, ਪਵਿੱਤਰ ਸਿੰਘ, ਬਲਜਿੰਦਰ ਸਿੰਘ, ਬਲਦੇਵ ਸਿੰਘ ਤੇ ਬਲਵੀਰ ਸਿੰਘ ਆਦਿ ਹਾਜ਼ਰ ਸਨ।

# ਹਰੇਕ ਯੋਗ ਵੋਟਰ ਦਾ ਵੇਰਵਾ ਸਮੇਂ ਸਿਰ ਦਰਜ ਕਰਵਾਉਣ ਲਈ ਪ੍ਰਸ਼ਾਸਨ ਵਚਨਬੱਧ - ਡਿਪਟੀ ਕਮਿਸ਼ਨਰ ਸ. ਗੁਲਪ੍ਰੀਤ ਸਿੰਘ ਔਲਖ

## ਐੱਸ.ਆਈ.ਆਰ.-2026 ਤਹਿਤ ਜ਼ਿਲ੍ਹੇ ਦੇ ਸਾਰੇ ਪੋਲਿੰਗ ਬੂਥਾਂ 'ਤੇ ਵਿਸ਼ੇਸ਼ ਕੈਂਪ ਸਫ਼ਲਤਾਪੂਰਵਕ ਸੰਪੰਨ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਭਾਰਤੀ ਚੋਣ ਕਮਿਸ਼ਨ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਗਹਿਰੀ ਸੁਧਾਈ (ਐੱਸ.ਆਈ.ਆਰ.-2026) ਮੁਹਿੰਮ ਤਹਿਤ ਅੱਜ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਮੂਹ ਪੋਲਿੰਗ ਬੂਥਾਂ 'ਤੇ ਲਗਾਏ ਗਏ ਵਿਸ਼ੇਸ਼ ਕੈਂਪ ਸਫਲਤਾਪੂਰਵਕ ਸਮਾਪਤ ਹੋ ਗਏ। ਇਨ੍ਹਾਂ ਕੈਂਪਾਂ ਦੌਰਾਨ ਵੱਡੀ ਗਿਣਤੀ ਵਿੱਚ ਪਹੁੰਚੇ ਯੋਗ ਵੋਟਰਾਂ ਦੇ ਐਨਿਊਮਰੇਸ਼ਨ ਫਾਰਮਾਂ ਦੀ ਪ੍ਰਾਪਤੀ, ਵੋਟਰਾਂ ਦੀ ਮੈਪਿੰਗ ਅਤੇ ਡਿਜੀਟਾਈਜ਼ੇਸ਼ਨ ਦਾ ਕੰਮ ਸੁਚਾਰੂ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕੀਤਾ ਗਿਆ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ. ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਵਿਸ਼ੇਸ਼ ਗਹਿਰੀ ਸੁਧਾਈ ਮੁਹਿੰਮ ਦਾ ਉਦੇਸ਼ ਵੋਟਰ ਸੂਚੀ ਨੂੰ ਸਹੀ, ਅੱਪਡੇਟ ਅਤੇ ਪਾਰਦਰਸ਼ੀ ਬਣਾਉਣਾ ਹੈ। ਇਸ ਲਈ ਹਰੇਕ ਯੋਗ ਨਾਗਰਿਕ ਦਾ ਵੇਰਵਾ ਨਿਰਧਾਰਿਤ ਸਮੇਂ ਅੰਦਰ ਦਰਜ ਕਰਨਾ ਅਤੇ ਕਿਸੇ ਵੀ ਯੋਗ ਵੋਟਰ ਨੂੰ ਵੋਟਰ ਸੂਚੀ ਤੋਂ ਵਾਂਝਾ ਨਾ ਰਹਿਣ ਦੇਣਾ ਪ੍ਰਸ਼ਾਸਨ ਦੀ ਪ੍ਰਮੁੱਖ ਤਰਜੀਹ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਿਨ੍ਹਾਂ ਵੋਟਰਾਂ ਨੇ ਅਜੇ ਤੱਕ ਆਪਣੇ ਐਨਿਊਮਰੇਸ਼ਨ ਫਾਰਮ ਜਮ੍ਹਾਂ ਨਹੀਂ ਕਰਵਾਏ, ਉਹ 3 ਅਗਸਤ, 2026 ਤੋਂ ਪਹਿਲਾਂ ਆਪਣੇ ਸਬੰਧਤ ਬੂਥ ਲੈਵਲ ਅਫ਼ਸਰ ਨਾਲ ਸੰਪਰਕ ਕਰਕੇ ਫਾਰਮ ਜਮ੍ਹਾਂ ਕਰਵਾਉਣ, ਤਾਂ ਜੋ ਉਨ੍ਹਾਂ ਦੇ ਵੇਰਵੇ ਸਮੇਂ ਸਿਰ ਡਿਜੀਟਲ ਰਿਕਾਰਡ ਵਿੱਚ ਸ਼ਾਮਲ ਕੀਤੇ ਜਾ ਸਕਣ। ਸ. ਔਲਖ ਨੇ ਕੈਂਪਾਂ ਦੌਰਾਨ ਡਿਊਟੀ ਨਿਭਾਉਣ ਵਾਲੇ ਚੋਣ ਅਮਲੇ ਵੱਲੋਂ ਨਿਭਾਈਆਂ ਗਈਆਂ ਜ਼ਿੰਮੇਵਾਰੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹਰੇਕ ਯੋਗ ਵੋਟਰ ਦਾ ਵੇਰਵਾ ਸਮੇਂ ਸਿਰ ਦਰਜ ਕਰਵਾਉਣ ਲਈ ਪ੍ਰਸ਼ਾਸਨ ਵਚਨਬੱਧ ਹੈ ਤੇ ਐੱਸ.ਆਈ.ਆਰ.-2026 ਦੀ ਸਮੁੱਚੀ ਪ੍ਰਕਿਰਿਆ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਨਿਰਧਾਰਿਤ ਸਮਾਂ-ਸੀਮਾ ਵਿੱਚ ਮੁਕੰਮਲ ਕਰਨੀ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਵਿਸ਼ੇਸ਼ ਗਹਿਰੀ ਸੁਧਾਈ ਮੁਹਿੰਮ ਸਬੰਧੀ ਕਿਸੇ ਵੀ ਜਾਣਕਾਰੀ ਜਾਂ ਸਹਾਇਤਾ ਲਈ ਵੋਟਰ ਆਪਣੇ ਸਬੰਧਤ ਬੂਥ ਲੈਵਲ ਅਫ਼ਸਰ ਨਾਲ ਸੰਪਰਕ ਕਰ ਸਕਦੇ ਹਨ ਜਾਂ ਭਾਰਤੀ ਚੋਣ ਕਮਿਸ਼ਨ ਦੇ ਟੋਲ-ਫ਼ਰੀ ਨੰਬਰ 1950 'ਤੇ ਕਾਲ ਕਰਕੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਿਤ ਜ਼ਿਲ੍ਹਾ ਚੋਣ ਦਫ਼ਤਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਸਰਕਾਰ ਵੱਲੋਂ ਨਵੇਂ ਰਾਸ਼ਨ ਕਾਰਡ ਬਣਾਉਣ ਤੇ ਨਾਮ ਜੋੜਨ ਦੀ ਪ੍ਰਕਿਰਿਆ ਹੋਈ ਆਸਾਨ : ਵਿਧਾਇਕ ਸੰਤੋਸ਼ ਕਟਾਰੀਆ



**ਬਲਾਚੌਰ, 19 ਜੁਲਾਈ (ਜਤਿੰਦਰਪਾਲ ਸਿੰਘ ਕਲੇਰ)** : ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਲੋਕ-ਪੱਖੀ ਫੈਸਲਿਆਂ ਦੇ ਚੱਲਦਿਆਂ, ਸੂਬੇ ਦੇ ਲੋਕਾਂ ਲਈ ਰਾਸ਼ਨ ਕਾਰਡ ਨਾਲ ਸਬੰਧਤ ਸੇਵਾਵਾਂ ਨੂੰ ਹੋਰ ਸਰਲ ਅਤੇ ਪਾਰਦਰਸ਼ੀ ਬਣਾ ਦਿੱਤਾ ਗਿਆ ਹੈ। ਸਰਕਾਰ ਦੇ ਸੁਸ਼ਾਸਨ ਅਤੇ ਜਨਤਕ ਸ਼ਿਕਾਇਤ ਨਿਵਾਰਨ ਵਿਭਾਗ ਵੱਲੋਂ ਮਿਤੀ 18 ਜੁਲਾਈ 2026 ਨੂੰ ਇੱਕ ਅਹਿਮ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ, ਜਿਸ ਤਹਿਤ ਹੁਣ ਨਵੇਂ ਰਾਸ਼ਨ ਕਾਰਡ ਬਣਵਾਉਣ ਅਤੇ ਪੁਰਾਣੇ ਰਾਸ਼ਨ ਕਾਰਡ ਵਿੱਚ ਨਾਮ ਜੋੜਨ ਦੀ ਪ੍ਰਕਿਰਿਆ ਨੂੰ ਇੱਕ ਨਿਸ਼ਚਿਤ ਢਾਂਚੇ ਵਿੱਚ ਲਿਆਂਦਾ ਗਿਆ ਹੈ। ਜਾਣਕਾਰੀ ਦਿੰਦਿਆਂ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਨੇ ਦੱਸਿਆ ਕਿ ਇਸ ਨੋਟੀਫਿਕੇਸ਼ਨ ਅਨੁਸਾਰ, ਐਨ.ਐਫ.ਐਸ.ਏ. ਜਾਂ ਸੂਬੇ ਦੇ ਰਾਸ਼ਨ ਕਾਰਡਾਂ ਲਈ ਨਵੇਂ ਕਾਰਡ ਬਣਾਉਣ ਜਾਂ ਨਵੇਂ ਮੈਂਬਰਾਂ ਦਾ ਨਾਮ ਸ਼ਾਮਲ ਕਰਨ ਲਈ ਸੇਵਾ ਕੇਂਦਰਾਂ ਅਤੇ ਡੋਰ-ਸਟੈਪ ਡਿਲੀਵਰੀ ਰਾਹੀਂ ਸੇਵਾ ਪ੍ਰਾਪਤ ਕਰਨ ਲਈ 100 ਰੁਪਏ ਫੈਸਿਲੀਟੇਸ਼ਨ ਚਾਰਜ ਨਿਰਧਾਰਤ ਕੀਤੇ ਗਏ ਹਨ, ਜਦਕਿ ਨਾਗਰਿਕਾਂ ਵੱਲੋਂ ਖੁਦ ਆਨਲਾਈਨ ਸੈਲਫ-ਫਾਈਲਿੰਗ ਕਰਨ ਦੀ ਸਥਿਤੀ ਵਿੱਚ ਇਹ ਫੀਸ ਮਾਤਰ 20 ਰੁਪਏ ਹੋਵੇਗੀ। ਸਰਕਾਰ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਫੈਸਿਲੀਟੇਸ਼ਨ ਚਾਰਜ ਸਿਰਫ਼ ਡੋਰ-ਸਟੈਪ ਡਿਲੀਵਰੀ ਅਤੇ ਨਾਗਰਿਕਾਂ ਵੱਲੋਂ ਕੀਤੀ ਜਾਣ ਵਾਲੀ ਆਨਲਾਈਨ ਸੈਲਫ-ਫਾਈਲਿੰਗ ਰਾਹੀਂ ਪ੍ਰਾਪਤ ਸੇਵਾਵਾਂ 'ਤੇ ਹੀ ਲਾਗੂ ਹੋਣਗੇ। ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਨੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਬਲਾਚੌਰ ਦੇ ਲੋਕਾਂ ਨੂੰ ਸਰਕਾਰੀ ਦਫਤਰਾਂ ਦੇ ਗੇੜੇ ਮਾਰਨ ਤੋਂ ਨਿਜਾਤ ਮਿਲੇਗੀ ਅਤੇ ਲੋਕ ਘਰ ਬੈਠੇ ਹੀ ਆਪਣਾ ਕੰਮ ਕਰਵਾ ਸਕਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਹਰ ਵਰਗ ਨੂੰ ਬਿਨਾਂ ਕਿਸੇ ਖੱਜਲ-ਖੁਆਰੀ ਦੇ ਸਹੂਲਤਾਂ ਦੇਣ ਲਈ ਵਚਨਬੱਧ ਹੈ ਅਤੇ ਇਹ ਨਵੀਂ ਨੀਤੀ ਰਾਸ਼ਨ ਕਾਰਡ ਨਾਲ ਜੁੜੇ ਕੰਮਾਂ ਵਿੱਚ ਪੂਰੀ ਪਾਰਦਰਸ਼ਤਾ ਅਤੇ ਤੇਜ਼ੀ ਲਿਆਵੇਗੀ।

# ਜੁਗਲ ਕੁਮਾਰ ਗੋਇਲ ਬਣੇ ਅਗਰਵਾਲ ਵੈਲਫੇਅਰ ਬੋਰਡ ਹਲਕਾ ਉੱਤਰੀ ਦੇ ਚੇਅਰਮੈਨ



**ਲੁਧਿਆਣਾ 19 ਜੁਲਾਈ (ਕਰਨੈਲ ਸਿੰਘ ਐੱਮ. ਏ.)** ਪੰਜਾਬ ਸਰਕਾਰ ਦੀ ਆਮ ਆਦਮੀ ਪਾਰਟੀ ਵੱਲੋਂ ਜੁਗਲ ਕੁਮਾਰ ਗੋਇਲ ਨੂੰ ਅਗਰਵਾਲ ਵੈਲਫੇਅਰ ਬੋਰਡ, ਹਲਕਾ ਉੱਤਰੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਇਸ ਨਿਯੁਕਤੀ ’ਤੇ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਸਿਆਸੀ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਇੱਕ ਸਫ਼ਲ ਕਾਰਜਕਾਲ ਲਈ ਸ਼ੁਭਕਾਮਨਾਵਾਂ ਦਿੱਤੀਆਂ। ਨਵ-ਨਿਯੁਕਤ ਚੇਅਰਮੈਨ ਜੁਗਲ ਕੁਮਾਰ ਗੋਇਲ ਨੇ ਇਸ ਅਹਿਮ ਜ਼ਿੰਮੇਵਾਰੀ ਲਈ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਵਿਸ਼ੇਸ਼ ਤੌਰ ’ਤੇ ਹਲਕਾ ਨਾਰਥ ਦੇ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਧਾਇਕ ਬੱਗਾ ਨੇ ਉਨ੍ਹਾਂ ਦੀ ਕਾਰਜਕੁਸ਼ਲਤਾ, ਸਮਾਜ ਸੇਵਾ ਪ੍ਰਤੀ ਸਮਰਪਣ ਅਤੇ ਯੋਗਤਾ ’ਤੇ ਭਰੋਸਾ ਪ੍ਰਗਟਾਉਂਦੇ ਹੋਏ ਉਨ੍ਹਾਂ ਨੂੰ ਇਸ ਅਹਿਮ ਅਹੁਦੇ ਦੀ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾਂ ਕਿਹਾ ਕਿ ਇਹ ਸਨਮਾਨ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ ਅਤੇ ਉਹ ਇਸ ਭਰੋਸੇ ’ਤੇ ਪੂਰਾ ਉਤਰਨ ਦੀ ਹਰ ਸੰਭਵ ਕੋਸ਼ਿਸ਼ ਕਰਨਗੇ। ਜੁਗਲ ਕੁਮਾਰ ਗੋਇਲ ਨੇ ਆਮ ਆਦਮੀ ਪਾਰਟੀ ਦੇ ਕੌਂਸਲਰ ਅਮਨ ਬੱਗਾ ਅਤੇ ਲੀਗਲ ਐਡਵਾਈਜ਼ਰ ਗੌਰਵ ਬੱਗਾ ਦਾ ਵੀ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹਨਾਂ ਨੇ ਹਮੇਸ਼ਾਂ ਉਨ੍ਹਾਂ ਦਾ ਮਾਰਗਦਰਸ਼ਨ ਕੀਤਾ ਅਤੇ ਸਮਾਜ ਸੇਵਾ ਲਈ ਪ੍ਰੇਰਿਤ ਕੀਤਾ, ਜਿਸ ਸਦਕਾ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਨਿਭਾਉਣ ਦਾ ਮੌਕਾ ਮਿਲਿਆ ਹੈ।ਜੁਗਲ ਗੋਇਲ ਨੇ ਅਗਰਵਾਲ ਵੈਲਫੇਅਰ ਬੋਰਡ ਦੇ ਪੰਜਾਬ ਚੇਅਰਮੈਨ ਅਸ਼ਵਨੀ ਅਗਰਵਾਲ ਅਤੇ ਸੀਨੀਅਰ ਉਪ-ਚੇਅਰਮੈਨ ਪੰਜਾਬ ਸਾਹਿਲ ਅਗਰਵਾਲ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ। ਜੁਗਲ ਗੋਇਲ ਨੇ ਕਿਹਾ ਕਿ ਸੀਨੀਅਰ ਲੀਡਰਸ਼ਿਪ ਵੱਲੋਂ ਉਨ੍ਹਾਂ ’ਤੇ ਜਤਾਇਆ ਗਿਆ ਭਰੋਸਾ ਉਨ੍ਹਾਂ ਲਈ ਪ੍ਰੇਰਨਾ ਦਾ ਸਰੋਤ ਹੈ ਅਤੇ ਉਹ ਪੂਰੀ ਇਮਾਨਦਾਰੀ, ਨਿਸ਼ਠਾ ਦੇ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣਗੇ। ਉਨ੍ਹਾਂ ਕਿਹਾ ਕਿ ਅਗਰਵਾਲ ਸਮਾਜ ਦੇ ਹਿੱਤਾਂ ਦੀ ਰਾਖੀ, ਸਮਾਜ ਦੇ ਲੋੜਵੰਦ ਪਰਿਵਾਰਾਂ ਦੀ ਸਹਾਇਤਾ, ਨੌਜਵਾਨਾਂ ਨੂੰ ਅੱਗੇ ਵਧਾਉਣ, ਸਿੱਖਿਆ, ਸਿਹਤ ਅਤੇ ਸਮਾਜਿਕ ਭਲਾਈ ਨਾਲ ਜੁੜੇ ਕੰਮਾਂ ਨੂੰ ਪਹਿਲ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਸਰਕਾਰ ਦੀਆਂ ਜਨ-ਕਲਿਆਣਕਾਰੀ ਯੋਜਨਾਵਾਂ ਨੂੰ ਸਮਾਜ ਦੇ ਆਖਰੀ ਵਿਅਕਤੀ ਤੱਕ ਪਹੁੰਚਾਉਣ ਲਈ ਵੀ ਉਹ ਪੂਰੀ ਸਰਗਰਮੀ ਨਾਲ ਕੰਮ ਕਰਨਗੇ। ਜੁਗਲ ਕੁਮਾਰ ਗੋਇਲ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਸਿਰਫ਼ ਅਹੁਦੇ ਦਾ ਵਕਾਰ ਬਣਾਈ ਰੱਖਣਾ ਨਹੀਂ, ਸਗੋਂ ਸਮਾਜ ਦੇ ਹਰ ਵਰਗ ਨਾਲ ਮਿਲ ਕੇ ਸੇਵਾ, ਸਹਿਯੋਗ ਅਤੇ ਵਿਕਾਸ ਦੀ ਭਾਵਨਾ ਨਾਲ ਕੰਮ ਕਰਨਾ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਅਗਰਵਾਲ ਵੈਲਫੇਅਰ ਬੋਰਡ ਨੂੰ ਹੋਰ ਵਧੇਰੇ ਸਰਗਰਮ ਅਤੇ ਲੋਕ-ਹਿੱਤੂ ਬਣਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ ਅਤੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਸ ’ਤੇ ਉਹ ਹਰ ਕਸੌਟੀ ’ਤੇ ਖਰਾ ਉਤਰਨ ਦਾ ਯਤਨ ਕਰਨਗੇ।

# ਕਿਸਾਨਾਂ ਦੀਆਂ ਮੋਟਰਾਂ ਦੇ ਬਿਜਲੀ ਦੇ ਕੱਟਾਂ ਨੂੰ ਲੈ ਕੇ ਕਿਸਾਨਾਂ ਨੇ ਪੰਜਾਬ ਸਰਕਾਰ ਤੇ ਬਿਜਲੀ ਵਿਭਾਗ ਵਿਰੋਧ ਕੀਤਾ ਰੋਸ਼ ਪ੍ਰਦਰਸ਼ਨ

**ਬਲਾਚੌਰ 19 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਪਾਵਰ ਕਾਮ ਉਪ ਮੰਡਲ ਬਲਾਚੌਰ-2 ਅਧੀਨ ਆਉਂਦੇ ਪਿੰਡ ਬੇਲਾ ਤਾਜੋਵਾਲ, ਫਤਿਹਪੁਰ, ਰੈਲ ਮਾਜਰਾ, ਟੌਂਸਾ ਤੇ ਬਣਾਂ ਦੇ ਕਿਸਾਨ ਪਿਛਲੇ ਤਿੰਨ ਦਿਨਾਂ ਤੋਂ ਬਿਜਲੀ ਸਪਲਾਈ ਨਾ ਮਿਲਣ ਕਾਰਨ ਬੁਰੀ ਤਰ੍ਹਾਂ ਪ੍ਰੇਸ਼ਾਨ ਹਨ ਕਿਉਂਕਿ ਬਿਜਲੀ ਦੀ ਘਾਟ ਕਾਰਨ ਝੋਨੇ ਦੀ ਫਸਲ ਸੁੱਕਣ ਲੱਗ ਪਈ ਹੈ।

ਕਿਸਾਨਾਂ ਨੇ ਦੱਸਿਆ ਕਿ ਮੋਟਰਾਂ ਲਈ ਬਿਜਲੀ ਪੂਰੀ ਤਰ੍ਹਾਂ ਬੰਦ ਹੈ ਤੇ ਜੇਕਰ ਕਦੇ ਬਿਜਲੀ ਆਉਂਦੀ ਵੀ ਹੈ ਤਾਂ ਸਿਰਫ 1-2 ਘੰਟੇ ਲਈ ਅਤੇ ਉਸ ਤੋਂ ਬਾਅਦ 2-3 ਦਿਨਾਂ ਦਾ ਲੰਬਾ ਕੱਟ ਲਗਾ ਦਿੱਤਾ ਜਾਂਦਾ ਹੈ। ਮੀਂਹ ਪੈਣ 'ਤੇ ਵੀ 3 ਦਿਨ ਦਾ ਵਾਧੂ ਕੱਟ ਲਗਾ ਦਿੱਤਾ ਜਾਂਦਾ ਹੈ। ਕਿਸਾਨਾਂ ਦਾ ਦੋਸ਼ ਹੈ ਕਿ ਬਿਜਲੀ ਬੋਰਡ ਵਿਚ ਮੁਲਾਜ਼ਮਾਂ ਦੀ ਘਾਟ ਕਾਰਨ ਪੈਂਦੇ ਨੁਕਸ ਨੂੰ ਸਮੇਂ ਸਿਰ ਠੀਕ ਨਹੀਂ ਕੀਤਾ ਜਾ ਰਿਹਾ।



ਜ਼ਿਕਰਯੋਗ ਹੈ ਕਿ ਕਿਸਾਨ ਕਈ ਵਾਰ ਬਿਜਲੀ ਬੋਰਡ ਦੇ ਐਸਡੀਓ ਨੂੰ ਮਿਲ ਕੇ ਬੇਨਤੀ ਕਰ ਚੁੱਕੇ ਹਨ ਪਰ ਉਹਨਾਂ ਦੀ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਨਿਕਲਿਆ। ਝੋਨੇ ਨੂੰ ਪਾਣੀ ਨਾ ਮਿਲਣ ਕਾਰਨ ਕਈ ਕਿਸਾਨ ਆਪਣੀ ਫਸਲ ਵਾਹੁਣ ਲਈ ਮਜਬੂਰ ਹੋ ਰਹੇ ਹਨ।

ਕਿਸਾਨਾਂ ਨੇ ਬਿਜਲੀ ਵਿਭਾਗ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਬਿਜਲੀ ਸਪਲਾਈ ਨੂੰ ਛੇਤੀ ਤੋਂ ਛੇਤੀ ਚਾਲੂ ਕਰਵਾ ਕੇ ਉਨ੍ਹਾਂ ਦੀਆਂ ਫਸਲਾਂ ਨੂੰ ਸੁੱਕਣ ਤੋਂ ਬਚਾਇਆ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਬਿਜਲੀ ਦੇ ਹਾਲਾਤਾਂ 'ਚ ਸੁਧਾਰ ਨਾ ਹੋਇਆ ਤਾਂ ਉਹ ਕਿਸਾਨ ਯੂਨੀਅਨਾਂ ਨਾਲ ਮਿਲ ਕੇ ਐਸਡੀਓ ਬਲਾਚੌਰ ਦਫਤਰ ਦਾ ਘਰਾਓ ਕੀਤਾ ਜਾਵੇਗਾ।

ਜਦੋਂ ਬਿਜਲੀ ਦੇ ਲੰਬੇ ਕੱਟਾ ਸਬੰਧੀ ਬਲਾਚੌਰ ਦੇ ਐਸਡੀਓ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਨੇ ਕਿਹਾ ਹੈ ਕਿ ਬਿਜਲੀ ਦੀ ਸਪਲਾਈ ਸਾਡੇ ਵੱਲੋਂ ਬੰਦ ਨਹੀਂ ਕੀਤੀ ਜਾਂਦੀ ਸਗੋਂ ਕੀ ਇਹਨਾਂ ਕਿਸਾਨਾਂ ਵੱਲੋਂ ਲਗਾਏ ਗਏ ਤਾਰਾਂ ਦੇ ਨਾਲ ਦਰਖਤਾ ਕਾਰਨ ਸਾਡੀਆਂ ਬਿਜਲੀ ਦੀ ਸਪਲਾਈ ਵਿੱਚ ਨੁਕਸ ਪੈ ਰਿਹਾ ਹੈ ਉਹਨਾਂ ਨੇ ਕਿਹਾ ਹੈ ਕਿ ਕਿਸਾਨਾਂ ਨੂੰ ਕਈ ਵਾਰ ਦੱਸਿਆ ਹੈ ਕਿ ਬਿਜਲੀ ਦੀਆਂ ਤਾਰਾਂ ਦੇ ਨਜ਼ਦੀਕ ਵਾਪਰਲ ਦੇ ਦਰਖਤ ਨਾ ਲਗਾਏ ਜਾਣ ਪਰ ਉਸ ਦੇ ਬਾਵਜੂਦ ਵੀ ਦਰਖਤ ਤਾਰਾਂ ਦੇ ਨਜਦੀਕ ਲੱਗਣ ਕਾਰਨ ਬਿਜਲੀ ਦੀ ਸਪਲਾਈ ਵਿੱਚ ਨੁਕਸ ਪੈ ਜਾਂਦਾ ਹੈ।

# ਸਰਕਾਰੀ ਕਾਲਜ ਦੇ ਵਿਦਿਆਰਥੀਆਂ ਵੱਲੋਂ ਗੁਰੂ ਰਾਮਦਾਸ ਲੰਗਰ ਸੇਵਾ ਵਿਖੇ ਪਹੁੰਚ ਕੇ ਸੰਗਤਾਂ ਦੀ ਸੇਵਾ ਕੀਤੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ)** ਵਿਦਿਆਰਥੀ ਵਰਗ ਨੂੰ ਵਿਦਿਆ ਪ੍ਰਾਪਤ ਕਰਨ ਦੇ ਨਾਲ ਨਾਲ ਸਮਾਜਿਕ ਭਲਾਈ ਦੇ ਕਾਰਜਾਂ ਨਾਲ ਜੁੜਨ ਸਬੰਧੀ ਚੱਲ ਰਹੇ ਪ੍ਰੋਗਰਾਮ ਅਧੀਨ ਧੰਨ ਗੁਰੂ ਰਾਮਦਾਸ ਦਾਸ ਲੰਗਰ ਸੇਵਾ ਵਿਖੇ ਪਹੁੰਚ ਉਥੇ ਚੱਲ ਰਹੀ ਲੋੜਵੰਦ ਲੋਕਾਂ ਲਈ ਲੰਗਰ ਪ੍ਰਦਾਨ ਕਰਨ ਦੀ ਸੇਵਾ ਵਿੱਚ ਦਿਲਚਸਪੀ ਦਿਖਾਈ ਅਤੇ ਕਈ ਵਿਦਿਆਰਥੀਆਂ ਵੱਲੋਂ ਲੰਗਰ ਵਰਤਾਉਣ ਦੀ ਸੇਵਾ ਅਤੇ ਬਰਤਨ ਸਾਫ਼ ਕਰਨ ਦੀ ਸੇਵਾ ਵੀ ਕੀਤੀ। ਲੰਗਰ ਸੇਵਾ ਦੇ ਸੇਵਾਦਾਰ ਸਰਦਾਰ ਗੁਰਲਿਆਕਤ ਸਿੰਘ ਬਰਾੜ ਵੱਲੋਂ ਦੱਸਿਆ ਕਿ ਇਸ ਅਸਥਾਨ ਤੋਂ ਰੋਜ਼ਾਨਾ ਪੰਜਾਬ ਦੇ ਸਰਕਾਰੀ ਹਸਪਤਾਲਾਂ ਦਾਖਲ ਮਰੀਜ਼ਾਂ ਅਤੇ ਉਨ੍ਹਾਂ ਦੇ ਨਾਲ ਆਏ ਪਰਿਵਾਰ ਦੇ ਮੈਂਬਰਾਂ ਸਮੇਤ ਹਜ਼ਾਰਾਂ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕਰਕੇ ਰੋਜ਼ਾਨਾ ਇਸ ਅਸਥਾਨ ਤੋਂ ਪਹੁਚਾਇਆ ਜਾਂਦਾ ਹੈ। ਵਿਦਿਆਰਥੀਆਂ ਵੱਲੋਂ ਲੰਗਰ ਸੇਵਾ ਦੀ ਰਸੋਈ ਵਿੱਚ ਸਥਿਤ ਲੰਗਰ ਲਈ ਰੋਟੀਆਂ ਬਣਾਉਣ ਵਾਲੀਆਂ ਮਸ਼ੀਨਾਂ ਵੀ ਦਿਖਾਈਆਂ ਅਤੇ ਦੱਸਿਆ ਕਿ ਇਨ੍ਹਾਂ ਮਸ਼ੀਨਾਂ ਦੀ ਤਕਰੀਬਨ ਦੋ ਘੰਟਿਆਂ ਵਿੱਚ ਇਕ ਲੱਖ ਰੋਟੀਆਂ ਬਣਾਉਣ ਦੀ ਸਮਰੱਥਾ ਹੈ। ਇਸ ਅਸਥਾਨ ਤੇ ਚੱਲ ਰਹੀ ਡਿਸਪੈਂਸਰੀ ਅਤੇ ਮੈਡੀਕਲ



ਲੈਬੋਰਟਰੀ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਥੇ ਮੁਫਤ ਇਲਾਜ ਅਤੇ ਕਰ ਤਰ੍ਹਾਂ ਦੇ ਟੈਸਟ ਵੀ ਮੁਫ਼ਤ ਕੀਤੇ ਜਾਂਦੇ ਹਨ। ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਗੁਰੂ ਸਾਹਿਬਾਨ ਵੱਲੋਂ ਦਰਸਾਏ ਸਰਬੱਤ ਦੇ ਭਲੇ ਤੇ ਚਲਦਿਆਂ ਮਾਨਵਤਾ ਦੀ ਸੇਵਾ ਲਈ ਅੱਗੇ ਆਉਣ ਦੀ ਅਪੀਲ ਕੀਤੀ। ਉਨ੍ਹਾਂ ਵੱਲੋਂ ਕਾਲਜ ਦੇ ਪ੍ਰੋਫੈਸਰਾਂ ਅਤੇ ਇਸ ਸੇਵਾ ਪ੍ਰੋਜੈਕਟ ਦੇ ਮਾਰਗ ਦਰਸ਼ਕ ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਮੈਂਬਰਾਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਤੇ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਵੱਲੋਂ ਇਸ ਮੋਕੇ ਤੇ ਲੰਗਰ ਸੇਵਾ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਗੁਰਦੁਆਰਾ ਸਾਹਿਬ ਵਿਖੇ ਵਿਦਿਆਰਥੀਆਂ ਦੇ ਆਉਣ ਵਾਲੇ ਸੁਨਿਹਰੀ ਭਵਿੱਖ , ਨੌਜਵਾਨਾਂ ਨੂੰ ਆਪਣੇ ਨਿਸ਼ਾਨੇ ਤੇ ਪਹੁੰਚ ਕੇ ਲੋਕਾਂ ਦੀ ਨਿਰਪੱਖਤਾ ਨਾਲ ਸੇਵਾ ਕਰਨ, ਸਰਬਸਾਂਝੀਵਾਲਤਾ ਅਤੇ ਆਪਸੀ ਭਾਈਚਾਰਕ ਸਾਂਝ ਦੀ ਮਜ਼ਬੂਤੀ ਲਈ ਕੰਮ ਕਰਨ, ਸਰਬੱਤ ਦੇ ਭਲੇ ਅਤੇ ਸਭ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਕੀਤੀ।

# ਹਰ ਸੂਬੇ ਦੀ ਰਾਜਨੀਤੀ ਦਾ ਫ਼ੈਸਲਾ ਉਸ ਸੂਬੇ ਦੇ ਸਥਾਈ ਵਸਨੀਕਾਂ ਵੱਲੋਂ ਹੀ ਹੋਣਾ ਚਾਹੀਦਾ ਹੈ – ਜਤਿੰਦਰ ਖਮਾਚੋਂ

ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੈ, ਜਿੱਥੇ ਲੋਕਾਂ ਦੀ ਇੱਛਾ ਨੂੰ ਸਰਵੋਪਰੀ ਮੰਨਿਆ ਜਾਂਦਾ ਹੈ ਅਤੇ ਵੋਟ ਦਾ ਅਧਿਕਾਰ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਹੈ। ਇੱਕ ਮਜ਼ਬੂਤ ਲੋਕਤੰਤਰ ਲਈ ਇਹ ਬਹੁਤ ਜ਼ਰੂਰੀ ਹੈ ਕਿ ਚੋਣ ਪ੍ਰਣਾਲੀ ਪੂਰੀ ਤਰ੍ਹਾਂ ਪਾਰਦਰਸ਼ੀ, ਨਿਰਪੱਖ ਅਤੇ ਭਰੋਸੇਯੋਗ ਹੋਵੇ, ਤਾਂ ਜੋ ਹਰ ਸੂਬੇ ਦੀ ਸਰਕਾਰ ਉੱਥੋਂ ਦੇ ਲੋਕਾਂ ਦੀ ਅਸਲ ਇੱਛਾ ਅਤੇ ਜਨਮਤ ਅਨੁਸਾਰ ਬਣੇ। ਇਸ ਪ੍ਰਸੰਗ ਵਿੱਚ ਪੰਜਾਬ ਵਿੱਚ ਚੱਲ ਰਹੀ ਸਪੈਸ਼ਲ ਇੰਟੈਂਸਿਵ ਰੀਵਿਜ਼ਨ (ਐੱਸ.ਆਈ.ਆਰ.) ਦੀ ਪ੍ਰਕਿਰਿਆ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਇਸ ਦਾ ਮਕਸਦ ਵੋਟਰ ਸੂਚੀਆਂ ਨੂੰ ਹੋਰ ਸਹੀ ਅਤੇ ਪਾਰਦਰਸ਼ੀ ਬਣਾਉਣਾ ਹੈ। ਇਸ ਦੇ ਨਾਲ-ਨਾਲ ਇਹ ਵੀ ਸਮੇਂ ਦੀ ਮੰਗ ਹੈ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਇੱਕ ਵਿਆਪਕ ਸੰਵਿਧਾਨਕ ਅਤੇ ਕਾਨੂੰਨੀ ਚਰਚਾ ਸ਼ੁਰੂ ਕਰਨ ਕਿ ਕੀ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ / ਲੋਕ ਸਭਾ ਚੋਣਾਂ ਵਿੱਚ ਵੋਟ ਪਾਉਣ ਦਾ ਅਧਿਕਾਰ ਕੇਵਲ ਉਸ ਸੂਬੇ ਦੇ ਸਥਾਈ ਵਸਨੀਕਾਂ ਤੱਕ ਹੀ ਸੀਮਿਤ ਹੋਣਾ ਚਾਹੀਦਾ ਹੈ। ਮੇਰੇ ਵਿਚਾਰ ਅਨੁਸਾਰ, ਇਸ ਵਿਸ਼ੇ 'ਤੇ ਖੁੱਲ੍ਹੀ ਅਤੇ ਗੰਭੀਰ ਬਹਿਸ ਹੋਣੀ ਚਾਹੀਦੀ ਹੈ, ਤਾਂ ਜੋ ਭਵਿੱਖ ਵਿੱਚ ਰਾਜਾਂ ਦੀ ਰਾਜਨੀਤਿਕ ਨੁਮਾਇੰਦਗੀ ਨੂੰ ਹੋਰ ਮਜ਼ਬੂਤ ਅਤੇ ਲੋਕ-ਕੇਂਦਰਿਤ ਬਣਾਇਆ ਜਾ ਸਕੇ। ਪੰਜਾਬ ਦੀ ਰਾਜਨੀਤੀ ਦਾ ਫ਼ੈਸਲਾ ਪੰਜਾਬ ਦੇ ਸਥਾਈ ਵਸਨੀਕਾਂ ਵੱਲੋਂ ਹੀ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਬਿਹਾਰ ਦੀ ਰਾਜਨੀਤੀ ਦਾ ਫ਼ੈਸਲਾ ਬਿਹਾਰ ਦੇ ਲੋਕਾਂ, ਰਾਜਸਥਾਨ ਦੀ ਰਾਜਨੀਤੀ ਦਾ ਫ਼ੈਸਲਾ ਰਾਜਸਥਾਨ ਦੇ ਲੋਕਾਂ ਅਤੇ ਹੋਰ ਹਰ ਸੂਬੇ ਦੀ ਰਾਜਨੀਤੀ ਦਾ ਫ਼ੈਸਲਾ ਉਸ ਸੂਬੇ ਦੇ ਸਥਾਈ ਵਸਨੀਕਾਂ ਵੱਲੋਂ ਹੀ ਹੋਣਾ ਚਾਹੀਦਾ ਹੈ। ਇਸ ਦੇ ਪਿੱਛੇ ਮੁੱਖ ਤਰਕ ਇਹ ਹੈ ਕਿ ਕਿਸੇ ਵੀ ਖੇਤਰ ਦੀਆਂ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਪ੍ਰਸ਼ਾਸਨਿਕ



ਸਮੱਸਿਆਵਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਉਹ ਲੋਕ ਸਮਝ ਸਕਦੇ ਹਨ, ਜੋ ਉਸ ਸੂਬੇ ਨਾਲ ਲੰਬੇ ਸਮੇਂ ਤੋਂ ਜੁੜੇ ਹੋਏ ਹਨ ਅਤੇ ਜਿਨ੍ਹਾਂ ਦਾ ਭਵਿੱਖ ਉਸ ਸੂਬੇ ਦੇ ਵਿਕਾਸ ਨਾਲ ਸਿੱਧੇ ਤੌਰ 'ਤੇ ਸੰਬੰਧਿਤ ਹੈ। ਹਰ ਸੂਬੇ ਦੀ ਆਪਣੀ ਭਾਸ਼ਾ, ਸੱਭਿਆਚਾਰ, ਇਤਿਹਾਸ, ਆਰਥਿਕ ਢਾਂਚਾ ਅਤੇ ਖੇਤਰੀ ਲੋੜਾਂ ਹੁੰਦੀਆਂ ਹਨ। ਇਸ ਲਈ ਉਸ ਸੂਬੇ ਦੀ ਸਰਕਾਰ ਬਣਾਉਣ ਦਾ ਅਧਿਕਾਰ ਵੀ ਮੁੱਖ ਤੌਰ 'ਤੇ ਉਨ੍ਹਾਂ ਲੋਕਾਂ ਕੋਲ ਹੋਣਾ ਚਾਹੀਦਾ ਹੈ, ਜੋ ਉਸ ਸੂਬੇ ਦੇ ਸਥਾਈ ਨਿਵਾਸੀ ਹਨ ਅਤੇ ਉੱਥੇ ਦੇ ਵਿਕਾਸ, ਸਿੱਖਿਆ, ਸਿਹਤ, ਰੋਜ਼ਗਾਰ, ਖੇਤੀਬਾੜੀ, ਉਦਯੋਗ ਅਤੇ ਹੋਰ ਜਨਤਕ ਸੇਵਾਵਾਂ ਨਾਲ ਸਿੱਧੇ ਤੌਰ 'ਤੇ ਜੁੜੇ ਹੋਏ ਹਨ। ਮੌਜੂਦਾ ਸਮੇਂ ਵਿੱਚ ਇਹ ਚਿੰਤਾ ਵੀ ਸਾਹਮਣੇ ਆਉਂਦੀ ਹੈ ਕਿ ਕੁਝ ਰਾਜਨੀਤਿਕ ਪਾਰਟੀਆਂ ਦੂਜੇ ਸੂਬਿਆਂ ਤੋਂ ਆਏ ਵੋਟਰਾਂ ਦੇ ਸਮਰਥਨ ਰਾਹੀਂ ਆਪਣੇ ਚੋਣੀ ਆਧਾਰ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਬਾਰੇ ਵੱਖ-ਵੱਖ ਰਾਜਨੀਤਿਕ ਅਤੇ ਸਮਾਜਿਕ ਮੰਚਾਂ 'ਤੇ ਚਰਚਾ ਹੁੰਦੀ ਰਹੀ ਹੈ ਕਿ ਇਸ ਨਾਲ ਸਥਾਨਕ ਲੋਕਾਂ ਦੀ ਰਾਜਨੀਤਿਕ ਨੁਮਾਇੰਦਗੀ ਪ੍ਰਭਾਵਿਤ ਹੋ ਸਕਦੀ ਹੈ। ਇਨ੍ਹਾਂ ਚਿੰਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਚੋਣ ਪ੍ਰਣਾਲੀ ਨੂੰ ਹੋਰ ਪਾਰਦਰਸ਼ੀ ਅਤੇ ਭਰੋਸੇਯੋਗ ਬਣਾਉਣ ਲਈ ਹਰ ਪੱਧਰ 'ਤੇ ਵਿਚਾਰ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ, ਹਰ ਸੂਬੇ ਕੋਲ ਸੀਮਿਤ ਕੁਦਰਤੀ ਅਤੇ ਮਨੁੱਖੀ ਸੰਸਾਧਨ ਹੁੰਦੇ ਹਨ। ਸਰਕਾਰਾਂ ਆਪਣੀਆਂ ਨੀਤੀਆਂ ਅਤੇ ਯੋਜਨਾਵਾਂ ਸੂਬੇ ਦੀ ਆਬਾਦੀ, ਆਰਥਿਕ ਸਮਰੱਥਾ ਅਤੇ ਉਪਲਬਧ ਸੰਸਾਧਨਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕਰਦੀਆਂ ਹਨ। ਜੇਕਰ ਆਬਾਦੀ ਅਤੇ ਵੋਟਰਾਂ ਦੀ ਬਣਤਰ ਵਿੱਚ ਵੱਡੇ ਪੱਧਰ 'ਤੇ ਲਗਾਤਾਰ ਤਬਦੀਲੀਆਂ ਆਉਣ, ਤਾਂ ਇਸ ਦਾ ਪ੍ਰਭਾਵ ਵਿਕਾਸ ਯੋਜਨਾਵਾਂ, ਸਰਕਾਰੀ ਸੇਵਾਵਾਂ ਅਤੇ ਪ੍ਰਸ਼ਾਸਨਿਕ ਸੰਤੁਲਨ 'ਤੇ ਵੀ ਪੈ ਸਕਦਾ ਹੈ। ਇਸ ਲਈ ਇਹ ਵਿਸ਼ਾ ਕੇਵਲ ਰਾਜਨੀਤੀ ਤੱਕ ਸੀਮਿਤ ਨਹੀਂ, ਸਗੋਂ ਪ੍ਰਸ਼ਾਸਨ, ਯੋਜਨਾਬੰਦੀ ਅਤੇ ਜਨਹਿੱਤ ਨਾਲ ਵੀ ਜੁੜਿਆ ਹੋਇਆ ਹੈ। ਮੇਰਾ ਮੰਨਣਾ ਹੈ ਕਿ ਭਾਰਤ ਦੇ ਸੰਘੀ ਢਾਂਚੇ ਨੂੰ ਹੋਰ ਮਜ਼ਬੂਤ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਹਰ ਸੂਬੇ ਦੀ ਲੋਕਤੰਤਰੀ ਨੁਮਾਇੰਦਗੀ ਉਸ ਸੂਬੇ ਦੇ ਸਥਾਈ ਵਸਨੀਕਾਂ ਦੀ ਇੱਛਾ ਅਨੁਸਾਰ ਹੋਵੇ। ਇਸ ਲਈ ਕੇਂਦਰ ਸਰਕਾਰ, ਰਾਜ ਸਰਕਾਰਾਂ, ਚੋਣ ਕਮਿਸ਼ਨ, ਸੰਵਿਧਾਨਕ ਮਾਹਿਰਾਂ, ਕਾਨੂੰਨ ਵਿਦਾਂ ਅਤੇ ਸਮਾਜਿਕ ਸੰਸਥਾਵਾਂ ਨੂੰ ਇਸ ਮੁੱਦੇ 'ਤੇ ਖੁੱਲ੍ਹੀ ਅਤੇ ਗੰਭੀਰ ਚਰਚਾ ਕਰਨੀ ਚਾਹੀਦੀ ਹੈ। ਜੇਕਰ ਲੋੜ ਪਵੇ ਤਾਂ ਸੰਵਿਧਾਨਕ ਅਤੇ ਕਾਨੂੰਨੀ ਸੁਧਾਰਾਂ 'ਤੇ ਵੀ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਚੋਣ ਪ੍ਰਣਾਲੀ ਹੋਰ ਮਜ਼ਬੂਤ, ਪਾਰਦਰਸ਼ੀ ਅਤੇ ਲੋਕਾਂ ਦੇ ਵਿਸ਼ਵਾਸ ਦੇ ਯੋਗ ਬਣ ਸਕੇ। ਮੇਰੇ ਇਹ ਵਿਚਾਰ ਲੋਕਤੰਤਰੀ ਪ੍ਰਣਾਲੀ ਨੂੰ ਹੋਰ ਮਜ਼ਬੂਤ, ਪਾਰਦਰਸ਼ੀ ਅਤੇ ਜਵਾਬ-ਦੇਹ ਬਣਾਉਣ ਦੇ ਉਦੇਸ਼ ਨਾਲ ਇੱਕ ਵਿਚਾਰ ਅਤੇ ਸੁਝਾਅ ਵਜੋਂ ਜਾਰੀ ਕੀਤਾ ਜਾ ਰਿਹਾ ਹੈ। ਇਸ ਵਿੱਚ ਪ੍ਰਗਟ ਕੀਤੇ ਗਏ ਵਿਚਾਰ ਇੱਕ ਨੀਤੀਗਤ ਰਾਏ ਹਨ ਅਤੇ ਇਨ੍ਹਾਂ 'ਤੇ ਲੋਕਤੰਤਰੀ ਢੰਗ ਨਾਲ ਚਰਚਾ ਹੋਣੀ ਚਾਹੀਦੀ ਹੈ।

**ਪੇਸ਼ਕਸ਼ – ਸਤਨਾਮ ਸਿੰਘ ਸਹੁੰਗੜਾ**

# ਅੱਜ ਲੁਧਿਆਣਾ ਦੀਆਂ ਸੜਕਾਂ ਤੇ ਬਸਪਾ ਨੇ ਰੋਸ ਮਾਰਚ ਕੱਢਿਆ, ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਸਨਮਾਨ ਵਿੱਚ ਬਸਪਾ ਮੈਦਾਨ ਵਿੱਚ











**ਡਾ ਨਛੱਤਰ ਪਾਲ ਐਮ ਐਲ ਏ ਲੁਧਿਆਣਾ 19 ਜੁਲਾਈ (ਚਰਨਜੀਤ ਸੱਲ੍ਹਾ )** ਅੱਜ ਲੁਧਿਆਣਾ ਦੀਆਂ ਸੜਕਾਂ ਤੇ ਬਸਪਾ ਦਾ ਵਿਸ਼ਾਲ ਰੋਸ ਮਾਰਚ ਕੱਢਿਆ ਗਿਆ। ਜਿਸ ਨਾਲ ਪ੍ਰਸ਼ਾਸਨ ਦੇ ਉੱਚ ਅਧਿਕਾਰੀ ਐਤਵਾਰ ਦੀ ਛੁੱਟੀ ਹੁੰਦਿਆਂ ਹੋਇਆਂ ਵੀ ਐਮ ਐਲ ਏ ਅਤੇ ਬਾਕੀ ਬਸਪਾ ਲੀਡਰਸ਼ਿਪ ਕੋਲੋਂ ਉਨ੍ਹਾਂ ਦੀਆਂ ਮੰਗਾਂ ਪੁੱਛਣ ਪਹੁੰਚੀ ਅਤੇ ਉਨ੍ਹਾਂ ਦੀਆਂ ਮੰਗਾਂ ਉਹ ਸ਼ਰਾਰਤੀ ਅਨਸਰ ਜਲਦੀ ਤੋਂ ਜਲਦੀ ਗ੍ਰਿਫਤਾਰ ਕੀਤੇ ਜਾਣ ਅਤੇ ਸੀ ਸੀ ਟੀ ਕੈਮਰੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਦੀ ਸੁਰੱਖਿਆ ਲਈ ਲਾਏ ਜਾਣ ਅਤੇ ਪੁਲਿਸ ਦਾ ਪਹਿਰਾ ਵੀ ਇਥੇ ਲੱਗਣਾ ਚਾਹੀਦਾ ਹੈ। ਬਸਪਾ ਵਾਲਿਆਂ ਦੀਆਂ ਸਾਰੀਆਂ ਮੰਗਾਂ ਮੰਨ ਕੇ ਪ੍ਰਸ਼ਾਸਨ ਦਾ ਉਚ ਅਧਿਕਾਰੀ ਐਫ ਆਰ ਆਈ ਕਰਨ ਦੀ ਗਰੰਟੀ ਦਿੱਤੀ।ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਨੇ ਕਿਹਾ ਕਿ ਜੇਕਰ ਆਪਣਾਂ ਇੱਕਠ ਇਸੇ ਤਰ੍ਹਾਂ ਰਿਹਾ ਤਾਂ ਆਪਣੀ ਗੱਲ ਬਹੁਤ ਜਲਦੀ ਮੰਨਣਗੇ ਕਿਉਂਕਿ ਇਹ ਸ਼ਰਾਰਤ ਜਾਂ ਨਿਰਾਦਰ ਉਸ ਮਹਾਂਪੁਰਸ਼ ਦਾ ਕੀਤਾ ਹੈ ਜਿਨ੍ਹਾਂ ਨੇ ਸਭ ਨੂੰ ਬਰਾਬਰ ਦਾ ਹੱਕ ਲੈਕੇ ਦਿੱਤਾ ਹੈ। ਇਸ ਮੌਕੇ ਤੇ ਮਿਸ਼ਨਰੀ ਗਾਇਕਾਂ ਨੇ ਵੀ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਤੇ ਤੀਰਥ ਸਿੰਘ ਰਾਜਪੁਰਾ , ਜਗਦੀਸ਼ ਸ਼ੇਰਪੁਰੀ ਜ਼ਿਲ੍ਹਾ ਪ੍ਰਧਾਨ ਜਲੰਧਰ, ਬਲਵਿੰਦਰ ਜੱਸੀ ਜ਼ਿਲ੍ਹਾ ਪ੍ਰਧਾਨ ਲੁਧਿਆਣਾ,ਪਰਗਣ ਸਿੰਘ ਬਿਲਗਾ, ਬਿੱਟੂ ਸ਼ੇਰਪੁਰ,ਜੀਤ ਰਾਮ ਬਸਰਾ, ਖੁਸ਼ੀ ਰਾਮ ਸਰਪੰਚ, ਇੰਜ ਸੁਸ਼ੀਲ ਵਿਰਦੀ, ਸੁਰਜੀਤ ਪਾਲ, ਸੋਨੂੰ ਅੰਬੇਦਕਰ, ਨਰੇਸ਼ ਕੁਮਾਰ, ਮਿਸ਼ਨਰੀ ਗਾਇਕ ਵਿੱਕੀ ਬਹਾਦਰ ਕੇ, ਮਿਸ਼ਨਰੀ ਗਾਇਕ ਗੋਲਡੀ ਮਲਕ, ਚੇਅਰਮੈਨ ਸੰਦੀਪ ਕੌਰ, ਬਲਾਕ ਸੰਮਤੀ ਮੈਂਬਰ ਅਨੀਤਾ ਪਾਲ, ਮਹਿੰਦਰ ਪਾਲ ਸਿੰਘ ਅਤੇ ਬਹੁਤ ਸਾਰੇ ਵਰਕਰ ਮਾਵਾਂ ਭੈਣਾਂ ਧੀਆਂ ਮੌਜੂਦ ਸਨ।

# ਬਲਾਚੌਰ 'ਚ ਰਾਜਨੀਤਿਕ ਬੌਖਲਾਟ ਬੇਨਕਾਬ : ਵਿਧਾਇਕ ਦੇ ਵਿਕਾਸ ਕਾਰਜਾਂ ਵਾਲੇ ਬੋਰਡਾਂ ਦੀ ਭੰਨਤੋੜ, ਇਲਾਕੇ ਵਿੱਚ ਭਾਰੀ ਰੋਸ

**ਬਲਾਚੌਰ, 19 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ) :** ਹਲਕਾ ਬਲਾਚੌਰ ਦੀ ਰਾਜਨੀਤੀ ਵਿੱਚ ਉਸ ਸਮੇਂ ਗਰਮਾਹਟ ਆ ਗਈ ਜਦੋਂ ਸ਼ਰਾਰਤੀ ਅਨਸਰਾਂ ਵੱਲੋਂ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਦੇ ਵਿਕਾਸ ਕਾਰਜਾਂ ਨੂੰ ਦਰਸਾਉਂਦੇ ਬੋਰਡਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਹ ਮੰਦਭਾਗੀ ਘਟਨਾ ਪਿੰਡ ਲੋਹਟ ਦੇ ਨੇੜੇ ਸਥਿਤ ਸਕੂਲ ਦੇ ਨੇੜੇ ਵਾਪਰੀ, ਜਿੱਥੇ ਲੱਗੇ ਵਿਕਾਸ ਕਾਰਜਾਂ ਦੇ ਬੋਰਡਾਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਗਿਆ।ਇਹ ਬੋਰਡ ਇਲਾਕੇ ਵਿੱਚ ਹੋ ਰਹੇ ਵਿਕਾਸ ਕਾਰਜਾਂ ਅਤੇ ਸਰਕਾਰੀ ਉਪਰਾਲਿਆਂ ਨੂੰ ਉਜਾਗਰ ਕਰ ਰਹੇ ਸਨ, ਪਰ ਅਜਿਹੀ ਘਿਨੌਣੀ ਹਰਕਤ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਵਿਰੋਧੀ ਧਿਰ ਹੁਣ ਰਾਜਨੀਤਿਕ ਤੌਰ 'ਤੇ ਪੂਰੀ ਤਰ੍ਹਾਂ ਬੌਖਲਾ ਚੁੱਕੀ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਮੌਕੇ 'ਤੇ ਮੌਜੂਦ ਲੋਕਾਂ ਅਤੇ 'ਆਪ' ਸਮਰਥਕਾਂ ਵਿੱਚ ਇਸ




ਕਾਰਵਾਈ ਨੂੰ ਲੈ ਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਜਿਨ੍ਹਾਂ ਲੋਕਾਂ ਨੂੰ ਹਲਕੇ ਦਾ ਵਿਕਾਸ ਹਜ਼ਮ ਨਹੀਂ ਹੋ ਰਿਹਾ, ਉਨ੍ਹਾਂ ਵੱਲੋਂ ਹੀ ਅਜਿਹੀਆਂ ਨੀਚ ਹਰਕਤਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਲੋਕਾਂ ਦੀਆਂ ਨਜ਼ਰਾਂ ਤੋਂ ਦੂਰ ਕੀਤਾ ਜਾ ਸਕੇ।ਇਸ ਮਾਮਲੇ ਨੂੰ ਲੈ ਕੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਮੰਗ ਕੀਤੀ ਗਈ ਹੈ ਕਿ ਬੋਰਡ ਪਾੜਨ ਵਾਲੇ ਸ਼ਰਾਰਤੀ ਅਨਸਰਾਂ ਦੀ ਤੁਰੰਤ ਪਛਾਣ ਕੀਤੀ ਜਾਵੇ ਅਤੇ ਉਨ੍ਹਾਂ ਦੇ ਖਿਲਾਫ ਕਾਨੂੰਨ ਮੁਤਾਬਕ ਸਖ਼ਤ ਤੋਂ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਸਥਾਨਕ ਲੋਕਾਂ ਦਾ ਮੰਨਣਾ ਹੈ ਕਿ ਅਜਿਹੀਆਂ ਗੱਲਾਂ ਨਾਲ ਵਿਕਾਸ ਦੀ ਰਫ਼ਤਾਰ ਨੂੰ ਨਹੀਂ ਰੋਕਿਆ ਜਾ ਸਕਦਾ ਅਤੇ ਅਜਿਹੀਆਂ ਹਰਕਤਾਂ ਕਰਨ ਵਾਲੇ ਲੋਕਾਂ ਨੂੰ ਜਨਤਾ ਆਉਣ ਵਾਲੇ ਸਮੇਂ ਵਿੱਚ ਮੂੰਹ ਤੋੜ ਜਵਾਬ ਦੇਵੇਗੀ। ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਹੈ ਕਿ ਇਸ ਇਲਾਕੇ ਵਿੱਚ ਅਜਿਹੇ ਅਨਸਰਾਂ 'ਤੇ ਨਕੇਲ ਕੱਸੀ ਜਾਵੇ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਅਜਿਹੀਆਂ ਘਟਨਾਵਾਂ ਦੀ ਪੁਨਰਵਿਰਤੀ ਨਾ ਹੋਵੇ ਅਤੇ ਇਲਾਕੇ ਦੀ ਸ਼ਾਂਤੀ ਤੇ ਵਿਕਾਸ ਬਰਕਰਾਰ ਰਹੇ।

# ਕਾਂਗਰਸ ਦਾ ਵਾਅਦਾ: 2027 ਵਿੱਚ ਸਰਕਾਰ ਬਣਦਿਆਂ ਹੀ ਪਹਿਲੇ 100 ਦਿਨਾਂ ਵਿੱਚ ਹੰਡੇਸਰਾ ਨੂੰ ਸਬ-ਤਹਿਸੀਲ ਬਣਾਇਆ ਜਾਵੇਗਾ

**ਲਾਲੜੂ, 19 ਜੁਲਾਈ (ਸੰਜੀਵ ਸਿੰਘ ਸੈਣੀ)** ਡੇਰਾਬੱਸੀ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਦੇ ਪ੍ਰਤੀਨਿਧੀ (ਡੈਲੀਗੇਟ) ਅਮਿਤ ਬਾਵਾ ਸੈਣੀ ਨੇ ਆਪਣੇ ਜਨ ਸੰਪਰਕ ਅਭਿਆਨ ਤਹਿਤ ਪਿੰਡ ਮਹਲਾਂ ਵਿੱਚ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਹੰਡੇਸਰਾ ਨੂੰ ਸਬ-ਤਹਿਸੀਲ ਬਣਾਉਣ ਦੀ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਕਾਂਗਰਸ ਪਾਰਟੀ ਨੇ ਆਪਣੀ ਤਰਜੀਹ ਵਿੱਚ ਸ਼ਾਮਲ ਕੀਤਾ ਹੈ ਅਤੇ 2027 ਵਿੱਚ ਕਾਂਗਰਸ ਦੀ ਸਰਕਾਰ ਬਣਨ 'ਤੇ ਪਹਿਲੇ 100 ਦਿਨਾਂ ਅੰਦਰ ਇਸ ਮੰਗ ਨੂੰ ਪੂਰਾ ਕਰਨ ਲਈ ਕਾਰਵਾਈ ਕੀਤੀ ਜਾਵੇਗੀ।ਅਮਿਤ ਬਾਵਾ ਸੈਣੀ ਨੇ ਦੱਸਿਆ ਕਿ ਪਿਛਲੀ ਕਾਂਗਰਸ ਸਰਕਾਰ ਦੌਰਾਨ ਉਨ੍ਹਾਂ ਨੇ 4 ਨਵੰਬਰ 2021 ਨੂੰ ਉਸ ਵੇਲੇ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਇਸ ਸਬੰਧੀ ਮੰਗ ਪੱਤਰ ਸੌਂਪਿਆ ਸੀ। ਉਨ੍ਹਾਂ ਕਿਹਾ ਕਿ ਸਰਕਾਰ ਬਦਲਣ ਕਾਰਨ ਇਹ ਮਾਮਲਾ ਅਧੂਰਾ ਰਹਿ ਗਿਆ, ਪਰ ਹੁਣ ਕਾਂਗਰਸ ਦੁਬਾਰਾ ਸੱਤਾ ਵਿੱਚ ਆਉਣ 'ਤੇ ਇਸ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ।ਮੀਟਿੰਗ ਦੌਰਾਨ ਪਿੰਡ ਵਾਸੀਆਂ ਨੇ



ਆਪਣੇ ਇਲਾਕੇ ਦੀਆਂ ਮੁੱਖ ਸਮੱਸਿਆਵਾਂ ਵੀ ਉਠਾਈਆਂ। ਉਨ੍ਹਾਂ ਦੱਸਿਆ ਕਿ ਸਬ-ਤਹਿਸੀਲ ਦੀ ਮੰਗ ਤੋਂ ਇਲਾਵਾ ਖਾਦ ਅਤੇ ਬੀਜ ਦੀ ਘਾਟ ਕਾਰਨ ਕਿਸਾਨਾਂ ਨੂੰ ਮਹਿੰਗੇ ਭਾਅ 'ਤੇ ਹਰਿਆਣਾ ਤੋਂ ਖਾਦ ਅਤੇ ਬੀਜ ਖਰੀਦਣ ਲਈ ਮਜਬੂਰ ਹੋਣਾ ਪੈਂਦਾ ਹੈ। ਇਸ ਤੋਂ ਇਲਾਵਾ, ਪਾਣੀ ਦੀ ਸਪਲਾਈ ਵਾਲੀ ਪਾਈਪਲਾਈਨ ਲੰਬੇ ਸਮੇਂ ਤੋਂ ਬੰਦ ਹੋਣ ਕਾਰਨ ਪੀਣ ਵਾਲੇ ਪਾਣੀ ਦੀ ਵੀ ਗੰਭੀਰ ਸਮੱਸਿਆ ਬਣੀ ਹੋਈ ਹੈ।
ਇਸ ਮੌਕੇ ਜ਼ਿਲ੍ਹਾ ਕਾਂਗਰਸ ਮਹਾਸਚਿਵ ਵਿਕਰਮ ਰਾਣਾ, ਸਤਬੀਰ ਸਿੰਘ ਮਹਲਾਂ, ਪ੍ਰਮੋਦ ਰਾਣਾ ਨਗਲਾ, ਜੰਗ ਸਿੰਘ ਹੰਡੇਸਰਾ ਅਤੇ ਹੋਰ ਪਤਵੰਤੇ ਵਿਅਕਤੀ ਵੀ ਹਾਜ਼ਰ ਸਨ।

# ਆਮ ਆਦਮੀ ਦੀ ਹਾਲਤ

ਬਿਨ ਲਾਲਚ 'ਤੋਂ ਕੌਣ ਕਿਸੇ ਦੀ ,
ਕਰਦਾ ਭਲਾਂ ਵਕਾਲਤ ਹੈ ।
ਦੌਲਤ ਵਾਲ਼ੇ ਸਮਝਣ ਸਾਡੀ ,
ਮੁੱਠੀ ਵਿੱਚ ਅਦਾਲਤ ਹੈ ।
ਘਿਓ ਖਿਚੜੀ ਹਨ ਨੇਤਾ ਅਫ਼ਸਰ,
ਲੱਠਮਾਰ ਤੇ ਵਿਉਪਾਰੀ ;
ਪਰਜਾ ਤੰਤਰ ਵਿੱਚ ਪਰਜਾ ਦੀ ,
ਸਭ 'ਤੋਂ ਮਾੜੀ ਹਾਲਤ ਹੈ ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ**
**ਜ਼ਿਲ੍ਹਾ ਸੰਗਰੂਰ ।**
9914836037

# ਸਾਡੇ ਆਪਣੇ ਹੀ ਅਸੂਲ

ਹਰ ਖੇਡ ਲਈ
ਸਾਡੇ ਆਪਣੇ ਅਸੂਲ
ਲੋੜ ਪਏ ਤਾਂ
ਫੁੱਟਬਾਲ ਵਿਚ
ਪੈਰਾਂ ਦੀ ਥਾਂ
ਹੱਥ ਚੱਲ ਜਾਣ
ਬਾਸਕਟਬਾਲ ਵਿਚ
ਹੱਥਾਂ ਦੀ ਥਾਂ
ਲੱਤਾਂ ਚੱਲ ਜਾਣ
ਹਾਕੀ ਵਿਚ
ਬਾਲ ਦੀ ਜਗਾ
ਹਾਕੀਆਂ
ਵਿਰੋਧੀਆਂ ਦੇ
ਗਿੱਟਿਆਂ ਤੇ
ਟਿਕ ਜਾਣ।



**ਰਵਿੰਦਰ ਸਿੰਘ ਸੋਢੀ**
**ਕੈਲਗਰੀ, ਕੈਨੇਡ**

# "ਚੋਣ ਲੜਾਵਾਂਗੇ"

ਪਤਨੀ:
ਗੱਲ ਸੁਣ ਲੈ ਮੇਰੀ ਮੱਖਣਿਆ,
ਸੋਚਿਆ ਸੀ ਕੀ ਤੈਨੂੰ ਦੱਸਣਾ।
ਲੰਘਦੀ ਦੀ ਆ ਕੋਲੋਂ ਥੁੱਕ ਕੇ, ਲਾ-ਲਾ ਗੱਲਾਂ ਕਰਦੀ ਆ,
ਰੰਨ ਸਰਪੰਚ ਦੀ ਮੇਰੇ ਨਾਲ ਬਿਨ ਗੱਲੋਂ ਲੜਦੀ ਆ।

ਪਤੀ:
ਨੀ ਦਿਨ ਕੱਟ ਲੈ ਔਖੇ-ਸੌਖੇ,
ਹਰ ਵਾਰੀ ਨੀ ਮਿਲਦੇ ਮੌਕੇ।
ਜੋ ਹਰ ਇੱਕ ਨਾਲ ਧੱਕਾ ਕਰਦੇ, ਐਤਕੀਂ ਸਬਕ਼ ਸਿਖਾਵਾਂਗੇ,
ਅਕਾਲੀਆਂ ਵੱਲੋਂ ਤੈਨੂੰ ਮਿੱਠੀਏ, ਚੋਣ ਲੜਾਵਾਂਗੇ।

ਪਤਨੀ:
ਕਹਿੰਦੀ ਮੈਂ ਸਰਪੰਚਣੀ, ਮੇਰਾ ਪਿੰਡ 'ਚ ਚੱਲਦਾ ਸਿੱਕਾ।
ਬੋਲਣ ਦੀ ਨੀ ਅਕਲ ਤੇ, ਨਾ ਕੋਈ ਵੇਖੇ ਵੱਡਾ-ਨਿੱਕਾ।
ਮੇਰੇ ਲੱਗਿਆ ਸੁਰਖੀ-ਪਾਊਡਰ, ਚੌਧਰੀ ਵੇਖ ਕੇ ਸੜਦੀ ਆ,
ਰੰਨ ਸਰਪੰਚ ਦੀ ਮੇਰੇ ਨਾਲ ਬਿਨ ਗੱਲੋਂ ਲੜਦੀ ਆ।

ਪਤੀ:
ਚਿੰਤਾ ਕਰਨੀ ਛੱਡ ਦੇ ਨੀ, ਹੁਣ ਜਾਗ ਪਏ ਆ ਲੋਕੀ।
ਬਹੁਤੇ ਹੰਕਾਰੀਏ ਹੋਇਆਂ ਦੀ ਆਪੇ ਜਾਣੀ ਮੰਜੀ ਠੋਕੀ।
ਗੁਰਮੀਤ ਡੁਮਾਣੇ ਵਾਲੇ ਨੂੰ ਆਪਾਂ ਨਾਲ ਰਲਾਵਾਂਗੇ,
ਅਕਾਲੀਆਂ ਵੱਲੋਂ ਤੈਨੂੰ ਮਿੱਠੀਏ, ਚੋਣ ਲੜਾਵਾਂਗੇ।

ਪਤਨੀ:
ਰੰਨ ਸਰਪੰਚ ਦੀ ਮੇਰੇ ਨਾਲ ਬਿਨ ਗੱਲੋਂ ਲੜਦੀ ਆ।


ਪਤੀ:
ਅਕਾਲੀਆਂ ਵੱਲੋਂ ਤੈਨੂੰ ਮਿੱਠੀਏ, ਚੋਣ ਲੜਾਵਾਂਗੇ।




**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

# ਜਿਹੜਾ ਬੰਦਾ

ਜਿਹੜਾ ਬੰਦਾ ਦਿਲੋਂ ਹਾਰਿਆ ਸਮਝੋ
ਉਹ ਜ਼ਿੰਦਗੀ ਦੀ ਬਾਜੀ ਹਾਰ ਗਿਆ।
ਜਿਸ ਬੰਦੇ ਨੇ ਵੀ ਕੀਤੀ ਹਿੰਮਤ
ਉਹ ਜ਼ਿੰਦਗੀ ਦੀ ਬਾਜੀ ਮਾਰ ਗਿਆ।
ਡੁੱਬ ਗਿਆ ਉਹ ਜੋ ਸੀਂ ਲਾਪਰਵਾਹ
ਤਰਨਾ ਆਉਂਦਾ ਸੀ ਜਿਸ ਨੂੰ ਉਹ ਪਾਰ ਗਿਆ।
ਖਰਚ ਦਾ ਸਲੀਕਾ ਨਹੀਂ ਸੀ ਜਿਸ ਨੂੰ
ਉਹ ਆਪਣੀ ਗ੍ਰਹਸਤੀ ਉਜਾੜ ਗਿਆ।
ਸੰਭਲ ਸੰਭਲ ਕੇ ਕੀਤਾ ਜਿਸ ਨੇ ਖਰਚ
ਉਹ ਆਪਣੀ ਜ਼ਿੰਦਗੀ ਸੰਵਾਰ ਗਿਆ।
ਮਿਹਨਤ ਕਰਨੀ ਆਉਂਦੀ ਸੀ ਜਿਸ ਨੂੰ
ਉਹਨੂੰ ਪਰਵਾਹ ਨਹੀਂ ਸੌ ਗਿਆ ਜਾਂ ਹਜ਼ਾਰ ਗਿਆ।
ਚਾਪਲੂਸ ਤਾ ਬਣਾ ਲੈਂਦਾ ਹੈ ਆਪਣਾ ਕੰਮ
ਉਹ ਚਾਹੇ ਬਾਜ਼ਾਰ ਗਿਆ ਜਾਂ ਦਰਬਾਰ ਗਿਆ।
ਫਿਕਰ ਨਹੀਂ ਹੁੰਦੀ ਮਰਨ ਵਾਲੇ ਨੂੰ ਕੋਈ
ਜੇ ਪਿੱਛੋਂ ਸੜ ਜੇਕਰ ਸਾਰਾ ਸੰਸਾਰ ਗਿਆ।
ਬੇਸ਼ਰਮ ਆਦਮੀ ਨੂੰ ਪਰਵਾਹ ਨਹੀਂ ਕੋਈ
ਉਹ ਪਿਆਰ ਨੂੰ ਵੀ ਦਰਕਿਨਾਰ ਕਰ ਗਿਆ।
ਆਪਣੀ ਤਾਂ ਫਿਤਰਤ ਹੀ ਅਜਿਹੀ ਹੈ ਦੋਸਤੋ
ਕੁਰਬਾਨ ਦਿਲ ਕਿਸੇ ਤੋਂ ਹਾਰ ਗਿਆ ਤਾਂ ਹਾਰ ਗਿਆ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 1635 9045**
**ਰੋਹਤਕ ਹਰਿਆਣਾ**



# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਵਿਸ਼ੇਸ਼ ਲੋਕ ਅਦਾਲਤ, 76 ਮਾਮਲਿਆਂ ਦਾ ਮੌਕੇ 'ਤੇ ਨਿਪਟਾਰਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸੀ.ਜੇ.ਐਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ਿਲ੍ਹੇ ਵਿੱਚ ਵਿਸ਼ੇਸ਼ ਲੋਕ ਅਦਾਲਤ ਲਗਾਈ ਗਈ। ਇਸ ਵਿਸ਼ੇਸ਼ ਲੋਕ ਅਦਾਲਤ ਵਿੱਚ ਐਨ.ਆਈ. ਐਕਟ ਦੀ ਧਾਰਾ 138 ਅਧੀਨ ਲੰਬਿਤ ਅਤੇ ਪ੍ਰੀ-ਲਿਟੀਗੇਸ਼ਨ (ਚੈੱਕ ਬਾਊਂਸ) ਮਾਮਲਿਆਂ ਦੀ ਸੁਣਵਾਈ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਹ ਵਿਸ਼ੇਸ਼ ਲੋਕ ਅਦਾਲਤ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਾਜਿੰਦਰ ਅਗਰਵਾਲ ਦੀ ਯੋਗ ਅਗਵਾਈ ਅਤੇ ਮਾਰਗਦਰਸ਼ਨ ਹੇਠ ਲਗਾਈ ਗਈ। ਇਸ ਮੌਕੇ ਜ਼ਿਲ੍ਹੇ ਵਿੱਚ ਕੁੱਲ 10 ਬੈਂਚਾਂ ਦਾ ਗਠਨ ਕੀਤਾ ਗਿਆ, ਜਿਨ੍ਹਾਂ ਵਿੱਚ



ਹੁਸ਼ਿਆਰਪੁਰ ਅਦਾਲਤ ਕੰਪਲੈਕਸ ਵਿੱਚ 6 ਬੈਂਚ, ਉਪ ਮੰਡਲ ਦਸੂਹਾ ਵਿੱਚ 1 ਬੈਂਚ, ਮੁਕੇਰੀਆਂ ਵਿੱਚ 2 ਬੈਂਚ ਅਤੇ ਗੜ੍ਹਸ਼ੰਕਰ ਵਿੱਚ 1 ਬੈਂਚ ਸ਼ਾਮਲ ਸੀ। ਵਿਸ਼ੇਸ਼ ਲੋਕ ਅਦਾਲਤ ਵਿੱਚ ਜ਼ਿਲ੍ਹੇ ਭਰ ਦੇ ਕੁੱਲ 400 ਮਾਮਲਿਆਂ ਦੀ ਸੁਣਵਾਈ ਕੀਤੀ ਗਈ, ਜਿਨ੍ਹਾਂ ਵਿੱਚੋਂ 76 ਮਾਮਲਿਆਂ ਦਾ ਆਪਸੀ ਸਹਿਮਤੀ ਨਾਲ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ। ਇਨ੍ਹਾਂ ਮਾਮਲਿਆਂ ਵਿੱਚ ਸਬੰਧਤ ਧਿਰਾਂ ਦੇ ਹੱਕ ਵਿੱਚ ਕੁੱਲ 2 ਕਰੋੜ 8 ਲੱਖ 45 ਹਜ਼ਾਰ 830 ਰੁਪਏ ਦੇ ਅਵਾਰਡ ਜਾਰੀ ਕੀਤੇ ਗਏ। ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਵਿਵਾਦਾਂ ਦੇ ਹੱਲ ਲਈ ਵੱਧ ਤੋਂ ਵੱਧ ਲੋਕ ਅਦਾਲਤਾਂ ਦਾ ਲਾਭ ਉਠਾਉਣ। ਲੋਕ ਅਦਾਲਤਾਂ ਰਾਹੀਂ ਮਾਮਲਿਆਂ ਦਾ ਤੇਜ਼, ਸਰਲ ਅਤੇ ਆਪਸੀ ਸਹਿਮਤੀ ਨਾਲ ਨਿਪਟਾਰਾ ਹੁੰਦਾ ਹੈ, ਜਿਸ ਨਾਲ ਸਮੇਂ ਅਤੇ ਧਨ ਦੋਵਾਂ ਦੀ ਬਚਤ ਹੁੰਦੀ ਹੈ। ਲੋਕ ਅਦਾਲਤ ਵੱਲੋਂ ਦਿੱਤਾ ਗਿਆ ਫ਼ੈਸਲਾ ਅੰਤਿਮ ਹੁੰਦਾ ਹੈ ਅਤੇ ਇਸ ਖ਼ਿਲਾਫ਼ ਕਿਸੇ ਵੀ ਅਦਾਲਤ ਵਿੱਚ ਅਪੀਲ ਕਰਨ ਦੀ ਕੋਈ ਵਿਵਸਥਾ ਨਹੀਂ ਹੁੰਦੀ। ਇਸ ਨਾਲ ਆਪਸੀ ਭਾਈਚਾਰਾ ਅਤੇ ਸਾਂਝ ਵੀ ਹੋਰ ਮਜ਼ਬੂਤ ਹੁੰਦੀ ਹੈ।

# ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ ਸ਼ਾਮ 7 ਵਜੇ ਤੋਂ ਸਵੇਰੇ 7 ਵਜੇ ਤੱਕ ਰਹੇਗੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਮੈਜਿਸਟਰੇਟ ਆਸ਼ਿਕਾ ਜੈਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੇ ਪਿੰਡ ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਨੂੰ ਕੇਵਲ ਸ਼ਾਮ 7 ਵਜੇ ਤੋਂ ਸਵੇਰੇ 7 ਵਜੇ ਤੱਕ ਆਵਾਜਾਈ ਦੀ ਆਗਿਆ ਦੇ ਹੁਕਮ ਜਾਰੀ ਕੀਤੇ ਹਨ ਅਤੇ ਇਸ ਸਮੇਂ ਤੋਂ ਇਲਾਵਾ ਇਨ੍ਹਾਂ ਸੜਕਾਂ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ 'ਤੇ ਰੋਕ ਰਹੇਗੀ। ਜਾਰੀ ਹੁਕਮਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿਚ ਆਇਆ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੇ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੇ ਕਾਰਨ ਸੜਕਾਂ



'ਤੇ ਹਾਦਸੇ ਹੋ ਰਹੇ ਹਨ ਜਿਨ੍ਹਾਂ ਕਾਰਨ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ ਜਿਸ ਕਰਕੇ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਸੜਕਾਂ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ ਨੂੰ ਸਮਾਂਬੱਧ ਤਰੀਕੇ ਨਾਲ ਚਲਾਉਣ ਦੀ ਜ਼ਰੂਰਤ ਹੈ। ਡਿਪਟੀ ਕਮਿਸ਼ਨਰ ਵਲੋਂ ਜਾਰੀ ਹੁਕਮਾਂ ਅਨੁਸਾਰ ਉਪ ਪੁਲਿਸ ਕਪਤਾਨ, ਗੜ੍ਹਸ਼ੰਕਰ ਇਹ ਯਕੀਨੀ ਬਣਾਉਣਗੇ ਕਿ ਟ੍ਰੈਫਿਕ ਪੁਲਿਸ ਵਲੋਂ ਟਿੱਪਰ/ਟਰੱਕਾਂ ਦੀ ਓਵਰਸਪੀਡ ਚੈਕ ਕੀਤੀ ਗਈ ਹੈ। ਰੀਜਨਲ ਟਰਾਂਸਪੋਰਟ ਅਥਾਰਟੀ, ਹੁਸ਼ਿਆਰਪੁਰ ਇਨ੍ਹਾਂ ਹੁਕਮਾਂ ਸਨਮੁੱਖ ਓਵਰਲੋਡਿੰਗ ਅਤੇ ਹੋਰ ਨਿਯਮਾਂ ਦੀ ਉਲੰਘਣਾ ਸਬੰਧੀ ਚੈਕਿੰਗ ਅਤੇ ਲੋੜੀਂਦੀ ਕਾਰਵਾਈ ਯਕੀਨੀ ਬਣਾਉਣਗੇ। ਕਾਰਜਕਾਰੀ ਇੰਜੀਨੀਅਰ, ਡਰੇਨੇਜ-ਕਮ-ਜ਼ਿਲ੍ਹਾ ਮਾਈਨਿੰਗ ਅਫ਼ਸਰ, ਹੁਸ਼ਿਆਰਪੁਰ ਅੰਤਰ-ਰਾਜੀ ਚੈਕ ਪੋਸਟਾਂ 'ਤਚ 24ਯ7 ਨਿਗਰਾਨੀ ਯਕੀਨੀ ਬਣਾਉਣਗੇ ਅਤੇ ਇਸ ਦੇ ਨਾਲ ਹੀ ਚੈਕ ਪੋਸਟ 'ਤੇ ਭਾਰ ਤੋਲਣ ਵਾਲੇ ਕੰਡੇ ਦੀ ਵਰਤੋਂ ਕਰਕੇ ਓਵਰਲੋਡਿਡ ਟਿੱਪਰਾਂ ਦੀ ਚੈਕਿੰਗ ਅਤੇ ਇਨ੍ਹਾਂ 'ਤੇ ਬਣਦੀ ਕਾਰਵਾਈ ਅਮਲ ਵਿਚ ਲਿਆਉਣਗੇ। ਇਹ ਹੁਕਮ 20 ਸਤੰਬਰ 2026 ਤੱਕ ਲਾਗੂ ਰਹਿਣਗੇ।

# ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਦੀ 47ਵੀਂ ਬਰਸੀ ਮੌਕੇ ਲਿਬਰੇਸ਼ਨ ਵਲੋਂ ਦਸੂਹਾ ਵਿਖੇ ਸ਼ਰਧਾਂਜਲੀ ਸਮਾਗਮ

## ਫਿਲਮ ਸਤਲੁਜ ਉਤੇ ਲੱਗੀ ਰੋਕ ਹਟਾਉਣ ਦੀ ਮੰਗ

**ਦਸੂਹਾ, 19 ਜੁਲਾਈ (ਜਸਵੰਤ ਗਿੱਲ)** ਪੰਜਾਬ ਦੀ ਵਿਦਿਆਰਥੀ ਲਹਿਰ ਦੇ ਹਰਮਨ ਪਿਆਰੇ ਆਗੂ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਰੰਧਾਵਾ ਦੇ ਸ਼ਹਾਦਤ ਦਿਵਸ 18 ਜੁਲਾਈ ਮੌਕੇ ਕੱਲ ਉਨ੍ਹਾਂ ਦੇ ਸ਼ਹਿਰ ਦਸੂਹਾ ਵਿਖੇ ਸੀਪੀਆਈ (ਐਮ ਐਲ) ਲਿਬਰੇਸ਼ਨ ਵਲੋਂ ਅੰਬੇਡਕਰ ਭਵਨ ਦਸੂਹਾ ਵਿਖੇ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਪਾਰਟੀ ਦੀ ਹੁਸ਼ਿਆਰਪੁਰ ਜ਼ਿਲ੍ਹਾ ਕਮੇਟੀ ਵਲੋਂ ਜਥੇਬੰਦ ਕੀਤੇ ਇਸ ਸ਼ਹੀਦੀ ਸਮਾਗਮ ਵਿੱਚ ਇਲਾਕੇ ਦੇ ਨੌਜਵਾਨ ਤੇ ਪਾਰਟੀ ਵਰਕਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।

ਸ਼ਹੀਦੀ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਪਾਰਟੀ ਦੀ ਦਸੂਹਾ ਤਹਿਸੀਲ ਕਮੇਟੀ ਵਲੋਂ ਗੁਰ-ਬਚਨ ਸਿੰਘ, ਮੁਕੇਰੀਆਂ ਤਹਿਸੀਲ ਵਲੋਂ ਬਖ਼ਸ਼ੀਸ਼ ਸਿੰਘ, ਹੁਸ਼ਿਆਰਪੁਰ ਤਹਿਸੀਲ ਵਲੋਂ ਕਾਮਰੇਡ ਸ਼ੇਰ ਜੰਗ ਬਹਾਦਰ ਸਿੰਘ, ਹਿਮਾਚਲ ਤੋਂ ਪਹੁੰਚੇ ਕਾਮਰੇਡ ਸੁਰਿੰਦਰ ਸਿੰਘ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਕਾਮ-ਰੇਡ ਭੁਪਿੰਦਰ ਸਿੰਘ ਭੁੰਗਾ ਸ਼ਾਮਲ ਸਨ। ਸਮਾਗਮ ਦਾ ਮੰਚ ਸੰਚਾਲਨ ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਚਰਨਜੀਤ ਸਿੰਘ ਭਿੰਡਰ ਵਲੋਂ ਕੀਤਾ ਗਿਆ।

ਸਮਾਗਮ ਨੂੰ ਮੁੱਖ ਬੁਲਾਰੇ ਵਜੋਂ ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਕੰਵਲਜੀਤ ਨੇ ਸੰਬੋਧਨ ਕੀਤਾ। ਉਨ੍ਹਾਂ ਦਸਿਆ ਕਿ 1952 ਦੇ ਜੰਮਪਲ ਪ੍ਰਿਥੀਪਾਲ ਸਿੰਘ ਰੰਧਾਵਾ ਨੂੰ 18 ਜੁਲਾਈ 1979 ਨੂੰ ਸਤਾਧਾਰੀ ਅਕਾਲੀ ਦਲ ਦੇ ਕੁਝ ਲੀਡਰਾਂ ਦੀ ਸਰਪ੍ਰਸਤੀ ਹੇਠਲੇ ਗੁੰਡਾ ਗਿਰੋਹ ਨੇ ਲੁਧਿਆਣਾ ਵਿਖੇ ਉਨ੍ਹਾਂ ਦੇ ਸਹੁਰੇ ਘਰੋਂ ਅਗਵਾ ਕਰਕੇ ਸ਼ਹੀਦ ਕਰ ਦਿੱਤਾ ਸੀ। 1970-71 ਦੇ ਉਸ ਖ਼ਤਰਨਾਕ ਦੌਰ ਵਿੱਚ ਜਦੋਂ ਹਕੂਮਤ ਵਲੋਂ ਵਹਿਸ਼ੀ ਢੰਗ ਨਾਲ ਨਕਸਲੀ ਲਹਿਰ ਦੇ ਆਗੂਆਂ ਅਤੇ ਵਰਕਰਾਂ ਨੂੰ ਫੜ ਫੜ ਕੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਿਆ ਜਾ ਰਿਹਾ ਸੀ, ਸ਼ਹੀਦ ਰੰਧਾਵਾ ਨੇ ਪੰਜਾਬ ਦੇ ਵਿਦਿਆਰਥੀਆਂ ਨੂੰ ਪੰਜਾਬ ਸਟੂਡੈਂਟਸ ਯੂਨੀਅਨ ਦੇ ਝੰਡੇ ਹੇਠ ਇਨਕਲਾਬੀ ਲੀਹਾਂ 'ਤੇ ਜਥੇਬੰਦ ਕਰਨ ਦਾ ਉੱਦਮ ਕੀਤਾ। ਨਤੀਜਾ ਵੱਖ ਵੱਖ ਘੋਲਾਂ ਤੇ ਪਰਖਾਂ ਵਿੱਚ ਪੂਰੀ ਉੱਤਰਦੀ ਹੋਈ ਇਹ ਜਥੇਬੰਦੀ ਉਨ੍ਹਾਂ ਦੀ ਸ਼ਹਾਦਤ ਤੱਕ ਪੰਜਾਬ ਦੇ ਵਿਦਿਆਰਥੀਆਂ ਦੀ ਇਕ ਪ੍ਰਤੀਨਿਧ ਜਥੇਬੰਦੀ ਬਣ






ਚੁੱਕੀ ਸੀ। ਪ੍ਰਿਥੀਪਾਲ ਸਿੰਘ ਰੰਧਾਵਾ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਉਨ੍ਹਾਂ ਕਿਹਾ ਕਿ ਬੀਤੇ 47 ਸਾਲਾਂ ਵਿੱਚ ਦੇਸ਼ ਦੇ ਦਰਿਆਵਾਂ ਵਿੱਚ ਅਥਾਹ ਪਾਣੀ ਵਹਿ ਚੁੱਕਿਆ ਹੈ। ਹੁਣ 12 ਸਾਲ ਤੋਂ ਦੇਸ਼ ਉਤੇ ਫਿਰਕੂ ਫ਼ਾਸ਼ੀਵਾਦੀ ਵਿਚਾਰਧਾਰਾ ਦੀ ਮੋਦੀ ਸਰਕਾਰ ਰਾਜ ਕਰ ਰਹੀ ਹੈ, ਜੋ ਦੇਸ਼ ਦੇ ਸੰਵਿਧਾਨ ਤੇ ਜਨਤਾ ਦੇ ਬੁਨਿਆਦੀ ਅਧਿਕਾਰਾਂ ਨੂੰ ਸਤਾ ਦੇ ਬੁਲਡੋਜ਼ਰ ਨਾਲ ਕੁਚਲ ਰਹੀ ਹੈ। ਇਹ ਸਰਕਾਰ ਮਜ਼ਦੂਰਾਂ ਕਿਸਾਨਾਂ ਤੇ ਵਿਦਿਆਰਥੀ -ਨੌਜਵਾਨਾਂ ਦੇ ਨਾਲ ਨਾਲ ਦੇਸ਼ ਦੀਆਂ ਧਾਰਮਿਕ ਤੇ ਕੌਮੀ ਘੱਟ ਗਿਣਤੀਆਂ, ਦਲਿਤਾਂ ਤੇ ਆਦਿਵਾਸੀਆਂ ਅਤੇ ਸੂਬਿਆਂ ਦੀ ਖੁਦਮੁਖਤਾਰੀ ਨੂੰ ਬੁਰੀ ਤਰ੍ਹਾਂ ਕੁਚਲ ਰਹੀ ਹੈ। ਚੋਣ ਕਮਿਸ਼ਨ ਦੀਆਂ ਸ਼ਕਤੀਆਂ ਦੀ ਸਿਆਸੀ ਦੁਰਵਰਤੋਂ ਕਰਦਿਆਂ ਐਸ ਆਈ ਆਰ ਦੀ ਆੜ ਵਿੱਚ ਵਿਰੋਧੀਆਂ ਦੀਆਂ ਵੋਟਾਂ ਕੱਟਣ ਅਤੇ ਨਿਆਂ ਪਾਲਿਕਾ ਵਲੋਂ ਸੰਵਿਧਾਨ ਦੇ ਕਸਟੋਡੀਅਨ ਹੋਣ ਦੀ ਅਪਣੀ ਭੂਮਿਕਾ ਨਾ ਨਿਭਾਉਣ ਕਰਕੇ ਅੱਜ ਦੇਸ਼ ਵਿੱਚ ਇੰਦਰਾ ਵਲੋਂ ਲਾਈ ਐਮਰਜੈਂਸੀ ਨਾਲੋਂ ਵੀ ਭਿਆਨਕ ਹਾਲਤ ਬਣ ਚੁੱਕੀ ਹੈ। ਇਸ ਲਈ ਸੀਪੀਆਈ ਐਮ ਐਲ ਲਿਬਰੇਸ਼ਨ ਸਮਝਦਾਰੀ ਹੈ ਕਿ ਦੇਸ਼ ਦੀਆਂ ਸਾਰੀਆਂ ਸੁਹਿਰਦ ਇਨਕਲਾਬੀ ਤੇ ਖੱਬੀਆਂ ਸ਼ਕਤੀਆਂ ਦੇ ਧੁਰੇ ਦੁਆਲੇ ਸਮੂਹ ਫਾਸ਼ੀਵਾਦ ਵਿਰੋਧੀ ਤਾਕਤਾਂ ਨੂੰ ਇਕਜੁੱਟ ਕਰਕੇ ਹੀ ਸੰਘ-ਬੀਜੇਪੀ ਨੂੰ ਹਾਰ ਦਿੱਤੀ ਜਾ ਸਕਦੀ ਹੈ ਅਤੇ ਸਤਾ ਦੇ ਮਨਮਾਨੇ ਜਬਰ ਤੇ ਤਾਨਾਸ਼ਾਹੀ ਦੇ ਰਾਜ ਦਾ ਅੰਤ ਕੀਤਾ ਜਾ ਸਕਦਾ ਹੈ। ਉਨ੍ਹਾਂ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ਉਤੇ ਅਧਾਰਤ ਫਿਲਮ ਸਤਲੁਜ ਉਤੇ ਪਾਬੰਦੀ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਫਿਲਮ ਵਿੱਚ ਕੁਝ ਵੀ ਅਜਿਹਾ ਨਹੀਂ ਜੋ ਇਤਰਾਜ਼ਯੋਗ ਹੋਵੇ, ਹਾਂ ਇਹ ਸਤਾ ਅਤੇ ਇਸ ਦੇ ਸਾਰੇ ਹਥਿਆਰਬੰਦ ਬਲਾਂ ਦੇ ਘਿਨਾਉਣੇ ਚੇਹਰੇ ਨੂੰ ਜ਼ਰੂਰ ਨੰਗਾ ਕਰਦੀ ਹੈ ਅਤੇ ਜਨਤਾ ਨੂੰ ਇਸ ਸਚਾਈ ਨੂੰ ਵੇਖਣ ਸਮਝਣ ਦਾ ਪੂਰਾ ਹੱਕ ਹੈ।ਸ਼ਰਧਾਂਜਲੀ ਸਮਾਗਮ ਨੂੰ ਫਿਲਾਸਫੀ ਵਿਭਾਗ ਦੇ ਪ੍ਰੋਫੈਸਰ ਪੰਕਜ ਵਲੋਂ ਵੀ ਸੰਬੋਧਨ ਕੀਤਾ ਗਿਆ।

# ਸੰਗਰੂਰ ਦੇ ਡਾ. ਨਰਿੰਦਰ ਸਿੰਘ ਬਿਰਧ ਆਸ਼ਰਮ 120 ਘੰਟਿਆਂ ਦਾ ਵਿਸ਼ੇਸ਼ ਸਿਖਲਾਈ ਕੈਂਪ ਸਮਾਪਤ

**ਸੰਗਰੂਰ 19 ਜੁਲਾਈ (ਸੁਖਵਿੰਦਰ ਸਿੰਘ ਹੈਪੀ)–** ਸੰਗਰੂਰ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ 'ਡਾ. ਨਰਿੰਦਰ ਸਿੰਘ ਬਿਰਧ ਆਸ਼ਰਮ ਬਡਰੁੱਖਾਂ' ਵਿਖੇ ਰਾਸ਼ਟਰੀ ਸਿੱਖਿਆ ਨੀਤੀ 2020 (ਓਫ 2020) ਦੇ ਤਹਿਤ ਵਿਦਿਆਰਥੀਆਂ ਲਈ ਲਗਾਇਆ ਗਿਆ 120 ਘੰਟਿਆਂ ਦਾ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਅੱਜ ਸ਼ਾਨਦਾਰ ਢੰਗ ਨਾਲ ਸਫਲਤਾਪੂਰਵਕ ਸਮਾਪਤ ਹੋ ਗਿਆ। ਗਰਮੀਆਂ ਦੀਆਂ ਛੁੱਟੀਆਂ ਦੌਰਾਨ ਲਗਾਏ ਗਏ 20 ਤੋਂ 25 ਦਿਨਾਂ ਦੇ ਇਸ ਸਿਖਲਾਈ ਕੈਂਪ ਵਿੱਚ ਵੱਖ-ਵੱਖ ਨਾਮਵਰ ਕਾਲਜਾਂ ਜਿਵੇਂ ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ, ਸ਼ਹੀਦ ਭਾਈ ਮਨੀ ਸਿੰਘ ਖਾਲਸਾ ਕਾਲਜ ਲੌਂਗੋਵਾਲ, ਦੇਸ਼ ਭਗਤ ਕਾਲਜ ਬਰੜਵਾਲ, ਯੂਨੀਵਰਸਿਟੀ ਕਾਲਜ ਬੇਨੜਾ, ਗੁਰੂ ਤੇਗ ਬਹਾਦਰ ਕਾਲਜ ਭਵਾਨੀਗੜ੍ਹ, ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ, ਸਰਕਾਰੀ ਰਣਬੀਰ ਕਾਲਜ ਸੰਗਰੂਰ ਅਤੇ ਚੰਡੀਗੜ੍ਹ ਯੂਨੀਵਰਸਿਟੀ ਲਾਂਡਰਾਂ ਦੇ 66 ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਟ੍ਰੇਨਿੰਗ ਪੂਰੀ ਕੀਤੀ। ਅੱਜ ਆਸ਼ਰਮ ਵਿਖੇ ਕਰਵਾਏ ਗਏ ਵਿਸ਼ੇਸ਼ ਸਮਾਗਮ ਵਿੱਚ ਪਹੁੰਚੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਫ਼ਲਤਾ ਲਈ ਸਰਟੀਫਿਕੇਟ ਤਕਸੀਮ ਕੀਤੇ ਗਏ। ਇਸ ਮੌਕੇ ਆਸ਼ਰਮ ਦੇ ਬਜ਼ੁਰਗ ਵਾਸੀਆਂ ਸੁਰਜੀਤ ਸਿੰਘ ਖੇਤਲਾ ਅਤੇ ਰੁਪਿੰਦਰ





ਕੌਰ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਗੀਤ ਪੇਸ਼ ਕਰਕੇ ਮਾਹੌਲ ਨੂੰ ਬੇਹੱਦ ਖ਼ੁਸ਼ਨੁਮਾ ਅਤੇ ਭਾਵੁਕ ਬਣਾ ਦਿੱਤਾ, ਜਿਸ ਨੇ ਪੰਜਾਬੀ ਸੱਭਿਆਚਾਰ ਦੇ ਸੁਹਜਮਈ ਰੰਗ ਬਿਖੇਰੇ। ਸਮਾਗਮ ਦੌਰਾਨ ਟਰੱਸਟ ਦੇ ਮੁੱਖ ਬੁਲਾਰਿਆਂ ਪ੍ਰੋਫੈਸਰ ਸੰਤੋਖ ਕੌਰ, ਸੁਰਿੰਦਰ ਸਿੰਘ ਵਾਲੀਆ, ਸੇਵਾਮੁਕਤ ਡੀ.ਐੱਸ.ਪੀ. ਬਹਾਦਰ ਸਿੰਘ ਰਾਓ, ਸੁਰਿੰਦਰ ਪਾਲ ਸਿੰਘ ਸਿਦਕੀ (ਡਿਪਟੀ ਚੀਫ਼ ਆਰਗੇਨਾਈਜ਼ਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ), ਇੰਦਰਪਾਲ ਸਿੰਘ ਗੋਸਲ ਅਤੇ ਗੁਰਮੀਤ ਕੌਰ ਗਗੜਪੁਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਜੀਵਨ ਵਿੱਚ ਨੈਤਿਕ ਕਦਰਾਂ-ਕੀਮਤਾਂ ਅਪਣਾਉਣ ਅਤੇ ਸਮਾਜ ਵਿੱਚ ਬਜ਼ੁਰਗਾਂ ਦੀ ਸੇਵਾ-ਸੰਭਾਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਰਟੀਫਿਕੇਟ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੇ ਵੀ ਆਸ਼ਰਮ ਦੇ ਬਜ਼ੁਰਗਾਂ ਨਾਲ ਬਿਤਾਏ ਪਲਾਂ ਦੇ ਅਨੁਭਵ ਸਾਂਝੇ ਕੀਤੇ ਅਤੇ ਕਿਹਾ ਕਿ ਇਸ ਟ੍ਰੇਨਿੰਗ ਨੇ ਉਨ੍ਹਾਂ ਨੂੰ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਕੀਤਾ ਹੈ ਅਤੇ ਬਜ਼ੁਰਗਾਂ ਦੇ ਸਤਿਕਾਰ ਤੇ ਸਨਮਾਨ ਪ੍ਰਤੀ ਵਧੇਰੇ ਸੰਵੇਦਨਸ਼ੀਲ ਬਣਾਇਆ ਹੈ। ਪ੍ਰੋਗਰਾਮ ਦੇ ਮੰਚ ਸੰਚਾਲਨ ਦੀ ਬਾਖ਼ੂਬੀ ਜ਼ਿੰਮੇਵਾਰੀ ਸਕੱਤਰ ਸੁਖਮਿੰਦਰ ਸਿੰਘ ਭੱਠਲ ਨੇ ਨਿਭਾਈ ਅਤੇ ਇਸ ਮੌਕੇ ਸੰਸਥਾ ਦੇ ਮੈਂਬਰ ਰਜਿੰਦਰ ਪਾਲ, ਮਾਸਟਰ ਮਹਿੰਦਰ ਸਿੰਘ, ਹਨੀਪਾਲ ਸਿੰਘ ਕਾਹਲੋਂ ਗਗੜਪੁਰ, ਪਵਨ ਕੁਮਾਰ ਅਤੇ ਬਲਬੀਰ ਸਿੰਘ ਔਲਖ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ, ਜਿਨ੍ਹਾਂ ਨੇ ਸਮਾਗਮ ਦੀ ਸਫ਼ਲਤਾ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ।

# ਦਿਲਾਂ ਨੂੰ ਛੂਹ ਜਾਣ ਵਾਲਾ ਨਵਾਂ ਪੰਜਾਬੀ ਗੀਤ "ਫਨਾਹ" ਜਲਦ ਕੀਤਾ ਜਾਵੇਗਾ ਰਿਲੀਜ਼ – ਗੀਤਕਾਰ ਸੂਦ ਵਿਰਕ

**ਜਲੰਧਰ/ਵਿਰਕ 19 ਜੁਲਾਈ (ਚਰਨਜੀਤ ਸੱਲ੍ਹਾ)** ਪੰਜਾਬ ਦੇ ਪ੍ਰਸਿੱਧ ਲੇਖਕ ਅਤੇ ਗੀਤਕਾਰ ਮਹਿੰਦਰ ਸੂਦ ਵਿਰਕ ਵੱਲੋਂ ਲਿਖੇ ਨਵੇਂ ਪੰਜਾਬੀ ਗੀਤ "ਕਲਯੁੱਗ " ਦੇ ਹੋ ਰਹੇ ਫੁੱਲ ਚਰਚਿਆਂ ਤੋਂ ਬਾਅਦ ਸੂਦ ਵਿਰਕ ਲਾਈਵ ਪ੍ਰੋਡਕਸ਼ਨ ਬਹੁਤ ਜਲਦ ਹੀ ਮਹਿੰਦਰ ਸੂਦ ਵਿਰਕ ਦਾ ਲਿੱਖਿਆ ਇੱਕ ਹੋਰ ਨਵਾਂ ਪੰਜਾਬੀ ਗੀਤ "ਫਨਾਹ" ਰਿਲੀਜ਼ ਕਰਨ ਜਾ ਰਹੀ ਹੈ। ਗੀਤਕਾਰ ਸੂਦ ਵਿਰਕ ਨੇ ਗੱਲਬਾਤ ਦੌਰਾਨ ਕਿਹਾ ਕਿ ਹਰ ਇੱਕ ਦੇ ਦਿਲ ਨੂੰ ਛੂਹ ਜਾਣ ਵਾਲਾ ਉਹਨਾਂ ਦਾ ਇਹ ਇੱਕ ਹੋਰ ਨਵਾਂ ਪੰਜਾਬੀ ਗੀਤ ਹੈ ਕਿਉਂਕਿ ਇਸ ਤੋਂ ਪਹਿਲਾਂ ਉਹ ਅਨੇਕਾਂ ਹੀ ਪੰਜਾਬੀ ਟਰੈਕ ਸਰੋਤਿਆਂ ਦੇ ਰੁਬਰੂ ਕਰ ਚੁੱਕੇ ਹਨ। ਇਹ ਪੰਜਾਬੀ ਗੀਤ "ਫਨਾਹ " ਨੂੰ ਬਹੁਤ ਜਲਦ ਹੀ ਹਰ ਵੈੱਬਸਾਈਟ ਤੇ ਸੁਣਿਆ ਜਾ ਸਕੇਗਾ ਜਿਵੇਂ ਕਿ




ਜਿੰ savan muisc, apple muisc, gana.com, amajon muisc, Spoitfy, FB reels,i nsta stoires hungama ਆਦਿ। ਜਿਵੇਂ " ਕਲਯੁੱਗ " ਟਰੈਕ ਨੂੰ ਸਰੋਤਿਆਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਹੈ ਉਂਵੇ ਹੀ ਉਹਨਾਂ ਨੂੰ ਪੂਰੀ ਆਸ ਹੈ ਇਸ "ਫਨਾਹ" ਟਰੈਕ ਨੂੰ ਵੀ ਸਰੋਤੇ ਭਰਪੂਰ ਪਿਆਰ ਬਖਸ਼ਣ ਗੇ।

for more news visit:
www.samajweekly.com

# ਮੌਜੂਦਾ ਸਰਕਾਰ ਹਰ ਫਰੰਟ 'ਤੇ ਬੁਰੀ ਤਰ੍ਹਾਂ ਫੇਲ੍ਹ ਬਿਜਲੀ ਕੱਟਾਂ ਅਤੇ ਨਸ਼ਿਆਂ ਨੇ ਜਨਤਾ ਦਾ ਜੀਣਾ ਕੀਤਾ ਮੁਹਾਲ: ਬਰਿੰਦਰ ਸਿੰਘ ਪਰਮਾਰ

## ਹੁਣ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਸੱਤਾ ਵਿੱਚ ਲਿਆਉਣ ਲਈ ਪੰਜਾਬ ਦੇ ਲੋਕ ਪੂਰੀ ਤਰ੍ਹਾਂ ਤਿਆਰ ਨਜ਼ਰ ਆ ਰਹੇ ਹਨ

**ਹੁਸ਼ਿਆਰਪੁਰ 19 ਜੁਲਾਈ ( ਤਰਸੇਮ ਦੀਵਾਨਾ )** – ਪੰਜਾਬ ਵਿੱਚ ਲੰਬੇ ਸਮੇਂ ਤੋਂ ਲੱਗ ਰਹੇ ਬਿਜਲੀ ਦੇ ਕੱਟਾਂ ਨੇ ਆਮ ਲੋਕਾਂ ਦਾ ਜੀਣਾ ਮੁਹਾਲ ਕਰ ਦਿੱਤਾ ਹੈ ਅਤੇ ਲੋਕਾਂ ਦੀ ਨੀਂਦ ਹਰਾਮ ਕਰ ਕੇ ਰੱਖ ਦਿੱਤੀ ਹੈ। ਇੱਕ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਡੇ-ਵੱਡੇ ਬਿਆਨ ਦੇ ਰਹੇ ਹਨ ਕਿ ਉਨ੍ਹਾਂ ਨੇ ਲੋਕਾਂ ਨੂੰ 600 ਯੂਨਿਟ ਬਿਜਲੀ ਮੁਫ਼ਤ ਦਿੱਤੀ ਹੈ ਅਤੇ ਇਸ ਦੇ ਬਾਵਜੂਦ ਪੰਜਾਬ ਰਾਜ ਬਿਜਲੀ ਬੋਰਡ ਘਾਟੇ ਦੀ ਬਜਾਏ ਮੁਨਾਫ਼ੇ ਵਿੱਚ ਚੱਲ ਰਿਹਾ ਹੈ। ਮੁੱਖ ਮੰਤਰੀ ਜਨਤਕ ਤੌਰ 'ਤੇ ਦਾਅਵੇ ਕਰ ਰਹੇ ਹਨ ਕਿ ਸਰਕਾਰ ਵੱਲੋਂ ਵੱਖ-ਵੱਖ ਥਾਵਾਂ 'ਤੇ ਨਵੇਂ ਬਿਜਲੀ ਪਲਾਂਟ ਖਰੀਦੇ ਗਏ ਹਨ ਅਤੇ ਸੂਬੇ ਕੋਲ ਕੋਲੇ ਦੇ ਵੀ ਭਰਪੂਰ ਭੰਡਾਰ ਮੌਜੂਦ ਹਨ, ਜਿਸ ਕਾਰਨ ਬਿਜਲੀ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਪ੍ਰੰਤੂ ਜ਼ਮੀਨੀ ਹਕੀਕਤ ਇਸ ਦੇ ਬਿਲਕੁਲ ਉਲਟ ਹੈ ਅਤੇ ਸੂਬੇ ਵਿੱਚ ਲੱਗ ਰਹੇ ਪੰਜ-ਪੰਜ, ਛੇ-ਛੇ ਅਤੇ ਸੱਤ-ਸੱਤ ਘੰਟਿਆਂ ਦੇ ਲੰਬੇ ਬਿਜਲੀ ਕੱਟ ਮੁੱਖ ਮੰਤਰੀ ਦੇ ਇਨ੍ਹਾਂ ਦਾਅਵਿਆਂ ਨੂੰ ਸਰਾਸਰ ਝੂਠਾ ਸਾਬਤ ਕਰ ਰਹੇ ਹਨ।

ਇਸ ਵੇਲੇ ਪੰਜਾਬ ਬਹੁਤ ਹੀ ਮਾੜੇ ਅਤੇ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਜਿੱਥੇ ਚਿੱਟੇ ਦੇ ਘਾਤਕ ਨਸ਼ੇ ਕਾਰਨ ਰੋਜ਼ਾਨਾ ਨੌਜਵਾਨ ਪੁੱਤ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ। ਚਿੰਤਾ ਦੀ ਗੱਲ ਇਹ ਹੈ ਕਿ ਹੁਣ ਨੌਜਵਾਨ ਕੁੜੀਆਂ ਵੀ ਇਸ ਨਸ਼ੇ ਦੀ ਲਪੇਟ ਵਿੱਚ ਆ ਚੁੱਕੀਆਂ ਹਨ ਅਤੇ ਨਸ਼ੇ ਦੀ ਪੂਰਤੀ ਲਈ ਉਹ ਆਪਣੇ ਸਰੀਰ ਤੱਕ ਦੀ ਨਿਲਾਮੀ ਕਰਨ ਲਈ ਮਜਬੂਰ ਹੋ ਰਹੀਆਂ ਹਨ। ਇਹਨਾ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ



ਦਲ ਬਾਦਲ ਦੇ ਜ਼ਿਲ੍ਹਾ ਸਕੱਤਰ ਜਨਰਲ ਬਰਿੰਦਰ ਸਿੰਘ ਪਰਮਾਰ ਨੇ ਕੁਝ ਚੋਣਵੇ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ । ਉਹਨਾਂ ਕਿਹਾ ਕਿ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਪੂਰੀ ਤਰ੍ਹਾਂ ਵਿਗੜ ਚੁੱਕੀ ਹੈ, ਗੈਂਗਸਟਰਵਾਦ ਸਿਰ ਚੜ੍ਹ ਕੇ ਬੋਲ ਰਿਹਾ ਹੈ ਅਤੇ ਸ਼ਰੇਆਮ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ ਇਸੇ ਡਰ ਕਾਰਨ ਪੰਜਾਬ ਦੇ ਵੱਡੇ-ਵੱਡੇ ਵਪਾਰੀ ਅਤੇ ਕਾਰੋਬਾਰੀ ਆਪਣੇ ਕੰਮ-ਧੰਦੇ ਬੰਦ ਕਰਕੇ ਵਿਦੇਸ਼ਾਂ ਵੱਲ ਭੱਜਣ ਦੀ ਤਿਆਰੀ ਕਰ ਰਹੇ ਹਨ। ਦੂਜੇ ਪਾਸੇ, ਜਿਨ੍ਹਾਂ ਦੇ ਸਿਰ 'ਤੇ ਕਾਨੂੰਨ ਵਿਵਸਥਾ ਕਾਇਮ ਰੱਖਣ ਦੀ ਜ਼ਿੰਮੇਵਾਰੀ ਹੈ, ਉਹ ਪੰਜਾਬ ਪੁਲਿਸ ਦੇ ਉੱਚ ਅਧਿਕਾਰੀ ਹੀ ਵਿਦੇਸ਼ਾਂ ਵਿੱਚ ਬੈਠੇ ਲੋਕਾਂ ਤੋਂ ਚਾਰ-ਚਾਰ ਕਰੋੜ ਰੁਪਏ ਦੀਆਂ ਰਿਸ਼ਵਤਾਂ ਮੰਗ ਰਹੇ ਹਨ। ਇੱਥੋਂ ਤੱਕ ਕਿ ਡੀਐਸਪੀ ਵਰਗੇ ਜ਼ਿੰਮੇਵਾਰ ਅਹੁਦਿਆਂ 'ਤੇ ਬੈਠੇ ਵਿਅਕਤੀ ਆਮ ਨਿਰਦੋਸ਼ ਲੋਕਾਂ ਦੀਆਂ ਗੱਡੀਆਂ ਵਿੱਚ ਖੁਦ ਨਸ਼ਾ ਰਖਵਾ ਕੇ ਉਨ੍ਹਾਂ ਨੂੰ ਬਲੈਕਮੇਲ ਕਰ ਰਹੇ ਹਨ ਅਤੇ ਮੋਟੀਆਂ ਰਕਮਾਂ ਬਟੋਰਨ ਦਾ ਧੰਦਾ ਚਲਾ ਰਹੇ ਹਨ। ਜੇਕਰ ਸੂਬੇ ਦੇ ਵਿਕਾਸ ਦੀ ਗੱਲ ਕੀਤੀ ਜਾਵੇ ਤਾਂ ਸੜਕਾਂ ਬੁਰੀ ਤਰ੍ਹਾਂ ਟੁੱਟੀਆਂ-ਭੱਜੀਆਂ ਪਈਆਂ ਹਨ ਅਤੇ ਬੁਨਿਆਦੀ ਢਾਂਚਾ ਪੂਰੀ ਤਰ੍ਹਾਂ ਤਬਾਹ ਹੋ ਚੁੱਕਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਸਾਢੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਵਿਕਾਸ ਲਈ ਕੁਝ ਵੀ ਨਹੀਂ ਕੀਤਾ ਅਤੇ ਹਰ ਫਰੰਟ 'ਤੇ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਸਿਆਸੀ ਗਲਿਆਰਿਆਂ ਅਤੇ ਆਮ ਲੋਕਾਂ ਵਿੱਚ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੀ ਦੁਬਾਰਾ ਸਰਕਾਰ ਬਣਾਉਣ ਨੂੰ ਲੈ ਕੇ ਵੱਡੀ ਚਰਚਾ ਚੱਲ ਰਹੀ ਹੈ। ਪੰਜਾਬ ਦੇ ਲੋਕ ਪਾਰਟੀ ਦੇ ਸਿਰਮੌਰ ਆਗੂ ਰਾਜਨੀਤੀ ਦੇ 'ਬਾਬਾ ਬੋਹੜ' ਸਵ. ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਹੋਏ ਬੇਮਿਸਾਲ ਵਿਕਾਸ ਕਾਰਜਾਂ ਨੂੰ ਯਾਦ ਕਰਦਿਆਂ ਅਕਾਲੀ ਦਲ ਦੀ ਵਾਪਸੀ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਉਹਨਾਂ ਕਿਹਾ ਕਿ

ਲੋਕਾਂ ਦਾ ਮੰਨਣਾ ਹੈ ਕਿ ਪੰਜਾਬ ਦਾ ਕੋਈ ਵੀ ਪਿੰਡ, ਸ਼ਹਿਰ, ਕਸਬਾ ਜਾਂ ਜ਼ਿਲ੍ਹਾ ਅਜਿਹਾ ਨਹੀਂ ਹੈ, ਜਿੱਥੇ ਅਕਾਲੀ ਦਲ ਦੀ ਸਰਕਾਰ ਵੇਲੇ ਸੜਕਾਂ, ਪੀਣ ਵਾਲੇ ਸਾਫ਼ ਪਾਣੀ, ਬਿਜਲੀ ਅਤੇ ਹੋਰ ਬੁਨਿਆਦੀ ਸਹੂਲਤਾਂ ਨਾ ਪਹੁੰਚਾਈਆਂ ਗਈਆਂ ਹੋਣ। ਸੂਬੇ ਦੇ ਚੌਤਰਫ਼ਾ ਵਿਕਾਸ ਅਤੇ ਲੋਕ-ਪੱਖੀ ਨੀਤੀਆਂ ਦੇ ਆਧਾਰ 'ਤੇ ਹੁਣ ਪੰਜਾਬ ਵਾਸੀ ਇੱਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਸੱਤਾ ਵਿੱਚ ਲਿਆਉਣ ਲਈ ਪੂਰੀ ਤਰ੍ਹਾਂ ਤਿਆਰ ਨਜ਼ਰ ਆ ਰਹੇ ਹਨ।

# ਪ੍ਰਾਈਵੇਟ ਸਕੂਲਾਂ ਵੱਲੋਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਵਸੂਲੀਆਂ ਜਾ ਰਹੀਆਂ ਜ਼ਬਰਦਸਤੀ ਫੀਸਾਂ ਬੱਚਿਆਂ ਦੇ ਮਾਪਿਆਂ ਨਾਲ ਸ਼ਰੇਆਮ ਧੱਕਾ : ਬੇਗਮਪੁਰਾ ਟਾਈਗਰ ਫੋਰਸ

## ਜੂਨ ਮਹੀਨੇ ਦੀਆਂ ਮਨਮਾਨੀ ਨਾਲ ਜ਼ਬਰਦਸਤੀ ਫੀਸਾਂ ਵਸੂਲਣ ਵਾਲੇ ਸਕੂਲਾਂ ਨੂੰ ਪ੍ਰਸ਼ਾਸਨ ਤੁਰੰਤ ਨੱਥ ਪਾਵੇ : ਬੀਰਪਾਲ, ਹੈਪੀ, ਬੰਟੀ

**ਹੁਸ਼ਿਆਰਪੁਰ, 19 ਜੁਲਾਈ (ਤਰਸੇਮ ਦੀਵਾਨਾ):** ਗਰਮੀਆਂ ਦੀਆਂ ਛੁੱਟੀਆਂ ਦੌਰਾਨ ਪ੍ਰਾਈਵੇਟ ਸਕੂਲਾਂ ਵੱਲੋਂ ਬੱਚਿਆਂ ਦੇ ਮਾਪਿਆਂ ਦੀ ਕੀਤੀ ਜਾ ਰਹੀ ਆਰਥਿਕ ਲੁੱਟ ਅਤੇ ਬੇਲੋੜੀਆਂ ਫ਼ੀਸਾਂ ਦੇ ਨਾਂ 'ਤੇ ਵਸੂਲੇ ਜਾ ਰਹੇ ਜਜ਼ੀਆ ਟੈਕਸ ਸਰਾਸਰ ਧੱਕਾ ਹੈ ਇਹਨਾਂ ਗੱਲਾਂ ਦਾ ਪ੍ਰਗਟਾਵਾ ਬੇਗਮਪੁਰਾ ਟਾਈਗਰ ਫੋਰਸ ਤੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ, ਜਿਲਾ ਪ੍ਰਧਾਨ ਹੈਪੀ ਫਤਿਹਗੜ੍ਹ, ਅਤੇ ਬੰਟੀ ਹਰਿਆਣਾ ਹਲਕਾ ਪ੍ਰਧਾਨ ਸ਼ਾਮ 84 ਨੇ ਇੱਕ ਪ੍ਰੈਸ ਵਾਰਤਾ ਦੌਰਾਨ ਕੁਝ ਚੋਣਵੇਂ ਪੱਤਰਕਾਰਾਂ ਨਾਲ ਕੀਤਾ ਉਹਨਾਂ ਕਿਹਾ ਕਿ ਪ੍ਰਾਈਵੇਟ ਸਕੂਲਾਂ ਦੀ ਇਹ ਮਨਮਾਨੀ ਅਤੇ ਸ਼ਰੇਆਮ ਗੁੰਡਾਗਰਦੀ ਬਰਦਾਸ਼ਤ ਤੋਂ ਬਾਹਰ ਹੈ । ਫ਼ੋਰਸ ਦੇ ਆਗੂਆਂ ਨੇ ਸੋਸ਼ਲ ਮੀਡੀਆ ਤੋਂ ਲੈ ਕੇ ਆਮ ਲੋਕਾਂ ਵਿੱਚ ਛਿੜੀ ਬਹਿਸ ਦਾ ਹਵਾਲਾ ਦਿੰਦਿਆਂ ਸਿੱਧਾ ਸਵਾਲ ਕੀਤਾ ਕਿ ਜਦੋਂ ਜੂਨ ਮਹੀਨੇ ਵਿੱਚ ਸਕੂਲ ਪੂਰੀ ਤਰ੍ਹਾਂ ਬੰਦ ਰਹਿੰਦੇ ਹਨ ਬੱਚੇ ਸਕੂਲ ਨਹੀਂ ਜਾਂਦੇ ਅਤੇ ਟੀਚਰ ਵੀ ਸਕੂਲ ਨਹੀਂ ਜਾਂਦੇ ਅਤੇ ਬੱਚੇ ਸਕੂਲ ਵੈਨ ਦੀ ਵਰਤੋਂ ਨਹੀਂ ਕਰਦੇ, ਤਾਂ ਫਿਰ ਮਾਪਿਆਂ ਦੀ ਜੇਬ੍ਹ 'ਤੇ ਡਾਕਾ ਮਾਰ ਕੇ ਇਸ ਮਹੀਨੇ ਦੀ ਬੱਚਿਆਂ ਦੇ ਮਾਪਿਆਂ ਤੋਂ ਜ਼ਬਰਦਸਤੀ ਫ਼ੀਸ ਕਿਉਂ ਵਸੂਲੀ ਜਾ ਰਹੀ ਹੈ? ਉਹਨਾ ਕਿਹਾ ਕਿ ਸਕੂਲ ਵਲੋ ਬਿਨਾਂ ਸਰਵਿਸ ਦਿੱਤੇ ਪੈਸੇ ਲੈਣਾ




ਨੈਤਿਕ ਅਤੇ ਕਾਨੂੰਨੀ ਤੌਰ 'ਤੇ ਇੱਕ ਵੱਡਾ ਤੇ ਘੋਰ ਅਪਰਾਧ ਹੈ। ਅੱਜ ਦੇ ਮਹਿੰਗਾਈ ਦੇ ਦੌਰ ਵਿੱਚ ਪ੍ਰਾਈਵੇਟ ਸਕੂਲਾਂ ਦੀਆਂ ਅਸਮਾਨੀ ਚੜ੍ਹੀਆਂ ਫ਼ੀਸਾਂ ਨੇ ਪਹਿਲਾਂ ਹੀ ਮਾਪਿਆਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਅਜਿਹੇ ਵਿੱਚ ਛੁੱਟੀਆਂ ਦੇ ਦਿਨਾਂ ਦੀ ਫ਼ੀਸ ਵਸੂਲਣਾ ਮਾਪਿਆਂ ਨਾਲ ਸ਼ਰੇਆਮ ਧੱਕਾ, ਬੇਇਨਸਾਫ਼ੀ ਅਤੇ ਅੰਨ੍ਹੀ ਲੁੱਟ ਹੈ, ਜਿਸ ਨੂੰ ਬੇਗਮਪੁਰਾ ਟਾਈਗਰ ਫੋਰਸ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ।


ਇਸ ਗੰਭੀਰ ਮੁੱਦੇ 'ਤੇ ਚੇਤੰਨ ਨਾਗਰਿਕਾਂ ਅਤੇ ਮਾਪਿਆਂ ਦੀ ਆਵਾਜ਼ ਬੁਲੰਦ ਕਰਦਿਆਂ ਫੋਰਸ ਦੇ ਨੁਮਾਇੰਦਿਆਂ ਨੇ ਜ਼ੋਰਦਾਰ ਮੰਗ ਕੀਤੀ ਕਿ ਸਕੂਲ ਦੀ ਫ਼ੀਸ ਸਿਰਫ਼ ਉਨ੍ਹਾਂ ਮਹੀਨਿਆਂ ਦੀ ਹੀ ਲਈ ਜਾਣੀ ਚਾਹੀਦੀ ਹੈ, ਜਿਨ੍ਹਾਂ ਵਿੱਚ ਬੱਚਿਆਂ ਨੂੰ ਟ੍ਰਾਂਸਪੋਰਟ ਦੀ ਸੇਵਾ ਦਿੱਤੀ ਗਈ ਹੋਵੇ। ਜੂਨ ਮਹੀਨੇ ਦੀਆਂ ਛੁੱਟੀਆਂ ਦੀ ਫ਼ੀਸ ਲੈਣ ਤੇ ਪੂਰੀ ਤਰ੍ਹਾਂ ਪਾਬੰਦੀ ਲੱਗਣੀ ਚਾਹੀਦੀ ਹੈ। ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਨੇ ਸਿੱਖਿਆ ਵਿਭਾਗ ਅਤੇ ਸਥਾਨਕ ਪ੍ਰਸ਼ਾਸਨ ਨੂੰ ਚੇਤਾਵਨੀ ਭਰੇ ਲਹਿਜੇ ਵਿੱਚ ਅਪੀਲ ਕੀਤੀ ਕਿ ਉਹ ਇਸ ਗੋਰਖਧੰਦੇ ਵਿੱਚ ਤੁਰੰਤ ਦਖ਼ਲ ਦੇਣ ਅਤੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਵਾਉਣ ਤਾਂ ਜੋ ਪੀੜਤ ਮਾਪਿਆਂ ਨੂੰ ਇਨਸਾਫ਼ ਮਿਲ ਸਕੇ। ਉਨ੍ਹਾਂ ਸਮੂਹ ਮਾਪਿਆਂ ਨੂੰ ਵੀ ਸੱਦਾ ਦਿੱਤਾ ਕਿ ਹੁਣ ਸਕੂਲ ਪ੍ਰਬੰਧਕਾਂ ਦੀ ਇਸ ਲੁੱਟ ਅੱਗੇ ਚੁੱਪ ਰਹਿਣ ਦੀ ਬਜਾਏ ਇੱਕਜੁੱਟ ਹੋ ਕੇ ਆਵਾਜ਼ ਬੁਲੰਦ ਕਰਨੀ ਹੋਵੇਗੀ, ਕਿਉਂਕਿ ਆਪਣੇ ਹੱਕਾਂ ਲਈ ਲੜਨਾ ਅਤੇ ਇਨਸਾਫ਼ ਮੰਗਣਾ ਕੋਈ ਗੁਨਾਹ ਨਹੀਂ ਹੈ। ਜੇਕਰ ਪ੍ਰਸ਼ਾਸਨ ਨੇ ਜਲਦ ਕੋਈ ਸਖ਼ਤ ਕਦਮ ਨਾ ਚੁੱਕਿਆ ਤਾਂ ਫੋਰਸ ਤਿੱਖਾ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ।

**ਫੋਟੋ ਅਜਮੇਰ ਦੀਵਾਨਾ**

# ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਭਰ ਵਿੱਚ ਸਜਣਗੇ ਧਾਰਮਿਕ ਤੇ ਸੱਭਿਆਚਾਰਕ ਸਮਾਗਮ: ਬ੍ਰਿਗੇਡੀਅਰ ਰਾਜ ਕੁਮਾਰ

**ਬਲਾਚੌਰ, 19 ਜੁਲਾਈ (ਜਤਿੰਦਰਪਾਲ ਸਿੰਘ ਕਲੇਰ)** : ਜਗਤ ਗੁਰੂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਪੁਰਬ ਪੂਰੇ ਪੰਜਾਬ ਵਿੱਚ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਇਤਿਹਾਸਕ ਦਿਹਾੜੇ ਨੂੰ ਸਮਰਪਿਤ ਸੂਬੇ ਭਰ ਵਿੱਚ ਵਿਸ਼ਾਲ ਧਾਰਮਿਕ ਅਤੇ ਸੱਭਿਆਚਾਰਕ ਸਮਾਗਮਾਂ ਦੀ ਲੜੀ ਉਲੀਕੀ ਗਈ ਹੈ, ਜਿਸ ਦੀ ਰੂਪ-ਰੇਖਾ ਬਾਰੇ ਆਪ ਦੇ ਸੀਨੀਅਰ ਆਗੂ ਅਤੇ ਗੁੱਜਰ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ, ਬ੍ਰਿਗੇਡੀਅਰ ਰਾਜ ਕੁਮਾਰ ਨੇ ਵਿਸਤ੍ਰਿਤ ਜਾਣਕਾਰੀ ਸਾਂਝੀ ਕੀਤੀ ਹੈ।

ਇਨ੍ਹਾਂ ਸਮਾਗਮਾਂ ਦੀ ਲੜੀ ਤਹਿਤ ਸ਼੍ਰੀ ਗੁਰੂ ਰਵਿਦਾਸ ਜੀ ਦੇ ਪਵਿੱਤਰ ਤਪ ਅਸਥਾਨ 'ਸ਼੍ਰੀ ਖੁਰਾਲਗੜ੍ਹ ਸਾਹਿਬ' ਲਈ 4



ਵੱਡੀਆਂ ਸ਼ੋਭਾ ਯਾਤਰਾਵਾਂ ਕੱਢੀਆਂ ਜਾਣਗੀਆਂ, ਜੋ ਸੰਗਤਾਂ ਨੂੰ ਨਤਮਸਤਕ ਹੋਣ ਲਈ ਪ੍ਰੇਰਿਤ ਕਰਨਗੀਆਂ। ਇਸ ਦੇ ਨਾਲ ਹੀ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਤਿੰਨ ਦਿਨਾਂ ਤੱਕ ਵਿਸ਼ੇਸ਼ ਸੂਬਾ ਪੱਧਰੀ ਸਮਾਗਮ ਕਰਵਾਇਆ ਜਾਵੇਗਾ, ਜਿਸ ਦੌਰਾਨ ਪ੍ਰਦਰਸ਼ਨੀ, ਕੀਰਤਨ ਦਰਬਾਰ, ਸੰਤ ਸੰਮੇਲਨ, 3ਡੀ ਸ਼ੋਅ ਅਤੇ ਡਰੋਨ ਸ਼ੋਅ ਦਾ ਵਿਸ਼ੇਸ਼ ਆਯੋਜਨ ਕੀਤਾ ਜਾਵੇਗਾ।ਇਸ ਤੋਂ ਇਲਾਵਾ ਸੂਬੇ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਗੁਰੂ ਰਵਿਦਾਸ ਬਾਣੀ ਦੇ ਫਲਸਫੇ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ ਕਰਵਾਏ ਜਾਣਗੇ। ਸਮਾਜ ਵਿੱਚ ਬਰਾਬਰੀ ਦਾ ਸੰਦੇਸ਼ ਦੇਣ ਲਈ ਹਰ ਜ਼ਿਲ੍ਹੇ ਵਿੱਚ 'ਰਨ ਫਾਰ ਇਕੁਐਲਿਟੀ' ਮੈਰਾਥਨ ਦੌੜ ਅਤੇ ਸਾਈਕਲ ਰੈਲੀਆਂ ਦਾ ਆਯੋਜਨ ਕੀਤਾ ਜਾਵੇਗਾ, ਅਤੇ ਨਾਲ ਹੀ ਸੂਬੇ ਦੇ ਵੱਖ-ਵੱਖ ਸ਼ਹਿਰਾਂ ਵਿੱਚ ਵੱਡੇ ਕੀਰਤਨ ਦਰਬਾਰਾਂ ਦਾ ਪ੍ਰਬੰਧ ਕੀਤਾ ਜਾਵੇਗਾ ਤਾਂ ਜੋ ਸੰਗਤਾਂ ਗੁਰਬਾਣੀ ਦੇ ਰਸ ਭਿੰਨੇ ਕੀਰਤਨ ਦਾ ਅਨੰਦ ਲੈ ਸਕਣ। ਬ੍ਰਿਗੇਡੀਅਰ ਰਾਜ ਕੁਮਾਰ ਵੱਲੋਂ ਸਮੂਹ ਸੰਗਤਾਂ ਨੂੰ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ।

# ਆਦਿ ਧਰਮ ਦੀ ਹੋਂਦ ਅਤੇ ਹੱਕਾਂ ਦੀ ਬਹਾਲੀ ਲਈ ਸੰਤ ਸਮਾਜ ਤੇ ਬੁੱਧੀਜੀਵੀ ਇਕਜੁੱਟ ਹੋ ਕੇ ਵਿੱਢਣ ਵੱਡਾ ਸੰਘਰਸ਼ : ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ, 19 ਜੁਲਾਈ ( ਤਰਸੇਮ ਦੀਵਾਨਾ )** – ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਇੱਕ ਅਹਿਮ ਬਿਆਨ ਜਾਰੀ ਕਰਦਿਆਂ ਸਮੂਹ ਸੰਤ ਸਮਾਜ, ਸਮਾਜਿਕ ਆਗੂਆਂ ਅਤੇ ਪੜ੍ਹੇ-ਲਿਖੇ ਬੁੱਧੀਜੀਵੀਆਂ ਨੂੰ ਅਪੀਲ ਕੀਤੀ ਹੈ ਕਿ ਆਦਿ ਧਰਮ ਦੀ ਹੋਂਦ ਨੂੰ ਕਾਇਮ ਰੱਖਣ ਅਤੇ ਜਨਗਣਨਾ ਵਿੱਚ 'ਆਦਿ ਧਰਮ' ਦਾ ਖਾਨਾ ਮੁੜ ਸਥਾਪਿਤ ਕਰਵਾਉਣ ਲਈ ਇੱਕ ਬਹੁਤ ਵੱਡਾ ਅਤੇ ਇਤਿਹਾਸਕ ਸੰਘਰਸ਼ ਆਰੰਭ ਕਰਨ ਦੀ ਲੋੜ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਮਹਾਨ ਅਤੇ ਪਵਿੱਤਰ ਸੰਘਰਸ਼ ਦੀ ਅਗਵਾਈ ਪੰਜਾਬ ਦੇ ਸਤਿਕਾਰਯੋਗ ਸੰਤ ਸਮਾਜ ਨੂੰ ਅੱਗੇ ਹੋ ਕੇ ਕਰਨੀ ਚਾਹੀਦੀ ਹੈ।

ਸੰਤ ਸਤਵਿੰਦਰ ਹੀਰਾ ਜੀ ਨੇ ਅਤੀਤ ਦੇ ਪੰਨਿਆਂ ਨੂੰ ਫਰੋਲਦਿਆਂ ਕਿਹਾ ਕਿ ਆਦਿ ਧਰਮ ਦੇ ਮਹਾਨ ਰਹਿਬਰ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਅਤੇ ਬਾਬੂ ਕਾਂਸ਼ੀ ਰਾਮ ਵਰਗੀਆਂ ਮਹਾਨ ਸ਼ਖ਼ਸੀਅਤਾਂ ਨੇ ਭਾਰਤ ਦੇ ਬਹੁਗਿਣਤੀ ਲਤਾੜੇ ਲੋਕਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਪ੍ਰਾਪਤੀ ਅਤੇ ਸੁਰੱਖਿਆ ਲਈ ਆਪਣਾ ਪੂਰਾ ਜੀਵਨ ਲੇਖੇ ਲਾ ਦਿੱਤਾ। ਇਨ੍ਹਾਂ ਰਹਿਬਰਾਂ ਦੇ ਅਣਥੱਕ ਸੰਘਰਸ਼ ਸਦਕਾ ਹੀ ਸਦੀਆਂ ਤੋਂ ਦੱਬੀ-ਕੁਚਲੀ



ਕੌਮ ਨੂੰ ਸਮਾਨਤਾ ਨਾਲ ਜੀਵਨ ਜਿਉਣ ਦੇ ਹੱਕ ਮਿਲੇ ਅਤੇ ਸਾਡੀ ਗੌਰਵਮਈ ਪਹਿਚਾਣ 'ਆਦਿ ਧਰਮ' ਦਾ ਕਾਇਮ ਸਥਾਪਿਤ ਕਰਵਾਇਆ ਗਿਆ ਸੀ। ਉਨ੍ਹਾਂ ਯਾਦ ਕਰਵਾਇਆ ਕਿ ਸਾਲ 1931 ਦੀ ਮਰਦਮਸ਼ੁਮਾਰੀ (ਜਨਗਣਨਾ) ਸਮੇਂ ਇਹ ਖਾਨਾ ਸਰਕਾਰੀ ਤੌਰ 'ਤੇ ਮੌਜੂਦ ਸੀ ਅਤੇ ਲੱਖਾਂ ਲੋਕਾਂ ਨੇ ਬੜੇ ਮਾਣ ਨਾਲ ਆਪਣਾ ਧਰਮ 'ਆਦਿ ਧਰਮ' ਲਿਖਵਾਇਆ ਸੀ। ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਸਮੇਂ ਦੀਆਂ ਸਰਕਾਰਾਂ ਦੀ ਬਦਨੀਤੀ ਅਤੇ ਸਾਜ਼ਿਸ਼ਾਂ ਕਾਰਨ ਇਸ ਮਹੱਤਵਪੂਰਨ ਖਾਨੇ ਨੂੰ ਹਟਾ ਦਿੱਤਾ ਗਿਆ, ਜਿਸ ਨੂੰ ਮੁੜ ਬਹਾਲ ਕਰਵਾਉਣਾ ਸਾਡਾ ਪਰਮ ਕਰਤੱਵ ਹੈ।

ਉਨ੍ਹਾਂ ਸਮੂਹ ਸੰਗਤਾਂ ਅਤੇ ਆਗੂਆਂ ਨੂੰ ਸਪੱਸ਼ਟ ਸੰਦੇਸ਼ ਦਿੰਦਿਆਂ ਕਿਹਾ ਕਿ ਸਾਡਾ ਸਭ ਦਾ ਅਸਲ ਧਰਮ 'ਆਦਿ ਧਰਮ' ਹੈ। ਇਸ ਲਈ ਆਉਣ ਵਾਲੀ ਜਨਗਣਨਾ ਵਿੱਚ ਹਰ ਇੱਕ ਨੂੰ ਆਪਣਾ ਧਰਮ 'ਆਦਿ ਧਰਮ' ਹੀ ਲਿਖਵਾਉਣਾ ਚਾਹੀਦਾ ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਸੰਤ ਹੀਰਾ ਜੀ ਨੇ ਸਮੂਹ ਸੰਤ ਸਮਾਜ ਦੇ ਚਰਨਾਂ ਵਿੱਚ ਬੇਨਤੀ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਆਪਸੀ ਵਿਚਾਰਾਂ ਦੇ ਮੱਤਭੇਦਾਂ ਨੂੰ ਪੂਰੀ ਤਰ੍ਹਾਂ ਭੁਲਾ ਕੇ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਾਂਤੀਕਾਰੀ ਤੇ ਸੰਘਰਸ਼ਮਈ ਬਾਣੀ ਵੱਲੋਂ ਦਰਸਾਏ ਗਏ ਏਕਤਾ, ਭਾਈਚਾਰਾ ਅਤੇ ਬਰਾਬਰਤਾ ਦੇ ਪੈਗਾਮ ਨੂੰ ਅਪਣਾਈਏ। ਉਨ੍ਹਾਂ ਕਿਹਾ ਕਿ ਇਨ੍ਹਾਂ ਮਹਾਨ ਉਪਦੇਸ਼ਾਂ ਨੂੰ ਮੰਜ਼ਿਲ ਤੱਕ ਪਹੁੰਚਾਉਣ ਲਈ ਸਾਨੂੰ ਸਾਰਿਆਂ ਨੂੰ 'ਬੇਗਮਪੁਰਾ' ਦੇ ਸਾਂਝੇ ਪਲੇਟਫਾਰਮ 'ਤੇ ਇਕੱਠੇ ਹੋਣਾ ਪਵੇਗਾ ਤਾਂ ਜੋ ਇਸ ਸੰਘਰਸ਼ ਨੂੰ ਇੱਕ ਨਵੀਂ ਅਤੇ ਮਜ਼ਬੂਤ ਦਿਸ਼ਾ ਦਿੱਤੀ ਜਾ ਸਕੇ।ਬਿਆਨ ਦੇ ਅਖੀਰ ਵਿੱਚ ਸੰਤ ਸਤਵਿੰਦਰ ਹੀਰਾ ਜੀ ਨੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀਆਂ (ਰਜਿ.) ਪੰਜਾਬ ਦੇ ਸਮੂਹ ਐਗਜ਼ੈਕਟਿਵ ਮੈਂਬਰਾਂ ਅਤੇ ਵੱਖ-ਵੱਖ ਡੇਰਿਆਂ ਦੇ ਮਹਾਂਪੁਰਸ਼ਾਂ ਸਣੇ ਸਮਾਜ ਦੇ ਸਮੂਹ ਬੁੱਧੀਜੀਵੀ ਆਗੂਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਆਲ ਇੰਡੀਆ ਆਦਿ ਧਰਮ ਮਿਸ਼ਨ ਇਨ੍ਹਾਂ ਸਾਰੇ ਮਹਾਂਪੁਰਸ਼ਾਂ ਦਾ ਸਦਾ ਰਿਣੀ ਰਹੇਗਾ, ਜਿਨ੍ਹਾਂ ਨੇ ਆਦਿ ਧਰਮ ਗੁਰੂ ਸਾਹਿਬਾਨਾਂ ਅਤੇ ਰਹਿਬਰਾਂ ਵੱਲੋਂ ਚਲਾਏ ਗਏ ਆਦਿ ਧਰਮ ਦੀ ਹੋਂਦ ਨੂੰ ਕਾਇਮ ਰੱਖਦਿਆਂ ਇਸ ਦੇ ਨਾਅਰੇ ਨੂੰ ਹਮੇਸ਼ਾ ਬੁਲੰਦ ਰੱਖਿਆ ਹੈ ਅਤੇ ਕੌਮ ਦੀ ਚੜ੍ਹਦੀ ਕਲਾ ਲਈ ਨਿਰੰਤਰ ਯੋਗਦਾਨ ਪਾ ਰਹੇ ਹਨ।

# ਕਰਨਲ ਗੁਰਮੀਤ ਸਿੰਘ ਨੇ ਆਸਾ ਕਿਰਨ ਸਕੂਲ ਨੂੰ ਸੌਂਪਿਆ 5 ਲੱਖ ਦਾ ਚੈੱਕ

## ਸਪੈਸ਼ਲ ਬੱਚਿਆਂ ਦੀ ਸੇਵਾ ਅੱਗੇ ਵੀ ਜਾਰੀ ਰਹੇਗੀ : ਮਧੂਮੀਤ ਕੌਰ

**ਹੁਸ਼ਿਆਰਪੁਰ, 19 ਜੁਲਾਈ ( ਤਰਸੇਮ ਦੀਵਾਨਾ )** - ਜੇ.ਐਸ.ਐਸ. ਆਸਾ ਕਿਰਨ ਸਪੈਸ਼ਲ ਸਕੂਲ ਜਹਾਂਖੇਲਾ ਵਿੱਚ ਕਰਨਲ ਗੁਰਮੀਤ ਸਿੰਘ ਨੇ ਆਪਣੇ ਜਨਮ ਦਿਨ 'ਤੇ ਸਪੈਸ਼ਲ ਬੱਚਿਆਂ ਦੀ ਭਲਾਈ ਲਈ 5 ਲੱਖ ਰੁਪਏ ਦੀ ਰਾਸ਼ੀ ਦਾਨ ਕੀਤੀ, ਦੱਸ ਦੇਈਏ ਕਿ ਕਰਨਲ ਗੁਰਮੀਤ ਸਿੰਘ ਆਸਾਦੀਪ ਵੈਲਫੇਅਰ ਸੁਸਾਇਟੀ ਦੇ ਸਕੱਤਰ ਹਨ ਅਤੇ ਪਿਛਲੇ ਸਮੇਂ ਦੌਰਾਨ ਉਨ੍ਹਾਂ ਦੀ ਪ੍ਰੇਰਨਾ ਨਾਲ ਫੌਜ ਵਿੱਚ ਉਨ੍ਹਾਂ ਦੇ ਸਹਿਯੋਗੀ ਰਹੇ ਕਈ ਲੋਕ ਆਸਾ ਕਿਰਨ ਸਕੂਲ ਨਾਲ ਜੁੜੇ ਹੋਏ ਹਨ ਅਤੇ ਲਗਾਤਾਰ ਸਪੈਸ਼ਲ ਬੱਚਿਆਂ ਦੀ ਭਲਾਈ ਲਈ ਕੰਮ ਕਰਦੇ ਰਹਿੰਦੇ ਹਨ। ਸਕੂਲ ਦੀ ਪ੍ਰਿੰਸੀਪਲ ਸ਼ੈਲੀ ਸ਼ਰਮਾ ਨੇ ਦੱਸਿਆ ਕਿ ਕਰਨਲ ਗੁਰਮੀਤ ਸਿੰਘ ਦੀ ਪਤਨੀ ਸ਼੍ਰੀਮਤੀ ਮਧੂਮੀਤ ਕੌਰ ਵੀ ਲਗਾਤਾਰ ਸਪੈਸ਼ਲ ਬੱਚਿਆਂ ਦੀ ਮਦਦ ਲਈ ਕੰਮ ਕਰਦੇ ਰਹਿੰਦੇ ਹਨ, ਮਧੂਮੀਤ ਕੌਰ ਡੋਨੇਸ਼ਨ ਫਾਰ ਗੁੱਡ ਕਾਜ਼ ਸੰਸਥਾ ਦੇ ਮੈਂਬਰ



ਹਨ। ਉਨ੍ਹਾਂ ਨੇ ਅੱਗੇ ਦੱਸਿਆ ਕਿ ਮਧੂਮੀਤ ਕੌਰ ਜੇ.ਐਸ.ਐਸ. ਆਸਾ ਕਿਰਨ ਟੀਚਰ ਟ੍ਰੇਨਿੰਗ ਸੰਸਥਾ ਵਿੱਚ ਵੀ ਨਿ-ਸ਼ੁਲਕ ਲੈਕਚਰਾਰ ਵਜੋਂ ਸੇਵਾ ਦੇ ਰਹੇ ਹਨ, ਦੱਸ ਦੇਈਏ ਕਿ ਕਰਨਲ ਗੁਰਮੀਤ ਸਿੰਘ ਅਤੇ ਮਧੂਮੀਤ ਕੌਰ ਸਪੈਸ਼ਲ ਬੱਚਿਆਂ ਦੇ ਮਾਪੇ ਵੀ ਹਨ, ਉਨ੍ਹਾਂ ਨੇ ਆਪਣੇ ਇੱਕ ਸਪੈਸ਼ਲ ਬੱਚੇ ਦੀ ਯਾਦ ਵਿੱਚ ਅਧਿਆਪਕ ਦਿਵਸ 'ਤੇ ਜਸਮੀਤ ਐਵਾਰਡ ਆਫ਼ ਐਕਸੀਲੈਂਸ ਸ਼ੁਰੂ ਕੀਤਾ ਹੈ ਜਿਸ ਤਹਿਤ ਆਸਾ ਕਿਰਨ ਸਕੂਲ ਦੇ ਸਟਾਫ ਨੂੰ ਪੁਰਸਕਾਰ ਅਤੇ ਨਕਦ ਰਾਸ਼ੀ ਦਿੱਤੀ ਜਾਂਦੀ ਹੈ। ਕਰਨਲ ਗੁਰਮੀਤ ਸਿੰਘ ਵੱਲੋਂ ਦਿੱਤੇ ਗਏ ਸਹਿਯੋਗ ਲਈ ਆਸਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ, ਰਾਮ ਆਸਰਾ, ਪਰਮਜੀਤ ਸਿੰਘ ਸਚਦੇਵਾ ਅਤੇ ਪ੍ਰਿੰਸੀਪਲ ਸ਼ੈਲੀ ਸ਼ਰਮਾ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਕਰਨਲ ਗੁਰਮੀਤ ਸਿੰਘ ਨੇ ਕਿਹਾ ਕਿ ਆਸਾਦੀਪ ਵੈਲਫੇਅਰ ਸੁਸਾਇਟੀ ਅਤੇ ਆਸਾ ਕਿਰਨ ਸਕੂਲ ਦੇ ਸਟਾਫ ਵੱਲੋਂ ਸਪੈਸ਼ਲ ਬੱਚਿਆਂ ਦੀ ਜਿਵੇਂ ਸੇਵਾ ਕੀਤੀ ਜਾ ਰਹੀ ਹੈ ਉਸੇ ਭਾਵਨਾ ਨੂੰ ਦੇਖਦੇ ਹੋਏ ਅਸੀਂ ਪਟਿਆਲਾ ਤੋਂ ਹੁਸ਼ਿਆਰਪੁਰ ਸ਼ਿਫਟ ਹੋਣ ਦਾ ਫੈਸਲਾ ਲਿਆ ਸੀ ਅਤੇ ਹੁਣ ਸਾਡੇ ਜੀਵਨ ਦਾ ਇੱਕ ਹੀ ਮਕਸਦ ਹੈ ਅਤੇ ਉਹ ਸਪੈਸ਼ਲ ਬੱਚਿਆਂ ਦੀ ਸੇਵਾ ਹੈ।

**ਫੋਟੋ ਅਜਮੇਰ ਦੀਵਾਨਾ**

# ਬਸਪਾ ਦੇ ਬਜ਼ੁਰਗ ਸਾਥੀ ਸਵਰਨ ਦਾਸ ਨੂੰ ਮਿਲਕੇ ਬਹੁਤ ਖੁਸ਼ੀ ਹੋਈ : ਐਡਵੋਕੇਟ ਬਲਵਿੰਦਰ ਕੁਮਾਰ

**ਜਲੰਧਰ( ਚਰਨਜੀਤ ਸੱਲ੍ਹਾ )**ਹਲਕਾ ਆਦਮਪੁਰ ਦੇ ਪਿੰਡ ਮੁਹੱਦੀਪੁਰ ਵਿੱਚ ਬਸਪਾ ਦੇ ਬਹੁਤ ਪੁਰਾਣੇ ਸਾਥੀ ਸ੍ਰੀ ਸਵਰਨ ਦਾਸ ਜੀ ਨਾਲ ਮੁਲਾਕਾਤ ਕੀਤੀ। ਸ੍ਰੀ ਸਵਰਨ ਦਾਸ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਮਿਲ ਚੁੱਕੇ ਹਨ। ਉਨ੍ਹਾਂ ਦੀ ਉਮਰ 92 ਸਾਲ ਹੈ ਤੇ ਅੱਜ ਵੀ



ਬਹੁਤ ਉਤਸ਼ਾਹ ਨਾਲ ਬਸਪਾ ਨੂੰ ਸਮਰਪਿਤ ਹੋ ਕੇ ਕੰਮ ਕਰਦੇ ਹਨ। ਨੌਜਵਾਨਾਂ ਲਈ ਬਹੁਤ ਹੀ ਪ੍ਰੇਰਨਾਦਾਇਕ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਬਸਪਾ ਹੀ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ ਸੁਪਨਾ ਪੂਰਾ ਕਰ ਸਕਦੀ ਹੈ ਨਾਲ ਮੌਜੂਦ ਹਨ ਪਾਰਟੀ ਦੇ ਸੂਬਾ ਦਫ਼ਤਰ ਸਕੱਤਰ ਇੰਜ ਜਸਵੰਤ ਰਾਏ ਤੇ ਪਿੰਡ ਦੇ ਬਸਪਾ ਦੇ ਸਾਥੀ।

# ਮਨਰੇਗਾ ਕਾਮਿਆਂ 'ਤੇ ਲਾਠੀਚਾਰਜ – ਪੰਜਾਬ ਸਰਕਾਰ ਦੀ ਗਰੀਬ ਵਿਰੋਧੀ ਸੋਚ ਬੇਨਕਾਬ --ਡਾ ਨਛੱਤਰ ਪਾਲ ਐਮ ਐਲ ਏ

**ਨਵਾਂਸ਼ਹਿਰ ( ਚਰਨਜੀਤ ਸੱਲ੍ਹਾ )**ਪੰਜਾਬ ਦੇ ਮਨਰੇਗਾ ਕਾਮੇ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਧ ਦੇ ਘਰ ਦੇ ਬਾਹਰ ਸ਼ਾਂਤਮਈ ਧਰਨਾ ਦੇ ਰਹੇ ਸਨ। ਪਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਸੁਣਨ ਦੀ ਬਜਾਏ ਉਨ੍ਹਾਂ 'ਤੇ ਬੇਰਹਿਮੀ ਨਾਲ ਲਾਠੀਚਾਰਜ ਕਰਵਾ ਦਿੱਤਾ। ਇਸ ਲਾਠੀਚਾਰਜ ਵਿੱਚ ਬਹੁਤ ਸਾਰੇ ਮਨਰੇਗਾ ਮਜ਼ਦੂਰ ਜ਼ਖ਼ਮੀ ਹੋਏ ਅਤੇ ਕਈਆਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਉਣਾ ਪਿਆ। ਇਸ ਤੋਂ ਵੀ ਵੱਧ ਦੁਖਦਾਈ ਗੱਲ ਇਹ ਹੈ ਕਿ ਧਰਨੇ ਤੋਂ ਵਾਪਸ ਆ ਰਹੇ ਦੋ ਸਾਥੀਆਂ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਇਹ ਘਟਨਾ ਹਰ ਸੰਵੇਦਨਸ਼ੀਲ ਵਿਅਕਤੀ ਨੂੰ ਝੰਜੋੜ ਕੇ ਰੱਖ ਦੇਣ ਵਾਲੀ ਹੈ। ਇਹ ਮਨਰੇਗਾ ਕਾਮੇ ਪਿਛਲੇ ਲਗਭਗ 9 ਮਹੀਨਿਆਂ ਤੋਂ ਆਪਣੀ ਮਿਹਨਤ ਦੀ ਤਨਖਾਹ ਦੀ ਉਡੀਕ ਕਰ ਰਹੇ ਹਨ। ਸਰਕਾਰ ਵੱਲੋਂ ਪਹਿਲਾਂ ਇਨ੍ਹਾਂ ਨਾਲ ਵਾਅਦੇ ਕੀਤੇ ਗਏ ਸਨ ਕਿ ਇਨ੍ਹਾਂ ਨੂੰ ਰੈਗੂਲਰ ਕੀਤਾ ਜਾਵੇਗਾ, ਛੁੱਟੀਆਂ ਦੇ ਪੈਸੇ ਦਿੱਤੇ ਜਾਣਗੇ ਅਤੇ ਪੇ-ਸਕੇਲ ਵੀ ਦਿੱਤਾ ਜਾਵੇਗਾ। ਪਰ ਮੰਗਾਂ ਮੰਨਣ ਤੋਂ ਬਾਅਦ ਵੀ ਸਰਕਾਰ ਨੇ ਆਪਣੇ ਵਾਅਦੇ ਪੂਰੇ ਕਰਨ ਦੀ ਬਜਾਏ ਲਗਭਗ 2300 ਮਨਰੇਗਾ ਕਾਮਿਆਂ—ਚਾਹੇ ਉਹ ਅਫੌਂ ਹੋਣ, ਘ੍ਰਸ਼ ਹੋਣ ਜਾਂ ਹੋਰ ਕਰਮਚਾਰੀ—ਨੂੰ ਹਟਾ ਕੇ ਨਵੀਂ ਭਰਤੀ ਕਰਨ







ਦਾ ਫਰਮਾਨ ਜਾਰੀ ਕਰ ਦਿੱਤਾ।ਇਹ ਸਿਰਫ਼ ਇੱਕ ਸਰਕਾਰੀ ਹੁਕਮ ਨਹੀਂ, ਬਲਕਿ ਹਜ਼ਾਰਾਂ ਗਰੀਬ ਪਰਿਵਾਰਾਂ ਦੇ ਰੋਜ਼ਗਾਰ 'ਤੇ ਸਿੱਧਾ ਹਮਲਾ ਹੈ। ਜਿਹੜੇ ਲੋਕ ਮਹੀਨਿਆਂ ਤੋਂ ਆਪਣੀ ਮਿਹਨਤ ਦੀ ਤਨਖਾਹ ਲਈ ਸੰਘਰਸ਼ ਕਰ ਰਹੇ ਹਨ, ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਬਜਾਏ ਉਨ੍ਹਾਂ ਨੂੰ ਨੌਕਰੀ ਤੋਂ ਹਟਾਉਣਾ ਪੰਜਾਬ ਸਰਕਾਰ ਦੀ ਬੇਹੱਦ ਨਿੰਦਣਯੋਗ ਅਤੇ



ਗਰੀਬ ਵਿਰੋਧੀ ਕਾਰਵਾਈ ਹੈ। ਜਿਹੜੀ ਸਰਕਾਰ ਗਰੀਬਾਂ ਦੀ ਮਿਹਨਤ ਦਾ ਪੈਸਾ 9 ਮਹੀਨੇ ਰੋਕ ਸਕਦੀ ਹੈ, ਉਨ੍ਹਾਂ ਦੀਆਂ ਮੰਗਾਂ ਮੰਨ ਕੇ ਵੀ ਮੁਕਰ ਸਕਦੀ ਹੈ ਅਤੇ ਆਪਣੇ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਮਜ਼ਦੂਰਾਂ 'ਤੇ ਲਾਠੀਆਂ ਵਰਸਾ ਸਕਦੀ ਹੈ—ਉਸ ਸਰਕਾਰ ਦੀ ਗਰੀਬਾਂ ਪ੍ਰਤੀ ਅਸਲ ਸੋਚ ਸਾਫ਼ ਨਜ਼ਰ ਆ ਜਾਂਦੀ ਹੈ। ਬਹੁਜਨ ਸਮਾਜ ਪਾਰਟੀ ਪੰਜਾਬ ਦੇ ਮਨਰੇਗਾ ਕਾਮਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਚਟਾਨ ਵਾਂਗ ਖੜ੍ਹੀ ਹੈ। ਇਨ੍ਹਾਂ ਮਿਹਨਤੀ ਕਾਮਿਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਦਿਵਾਉਣ ਲਈ ਬਹੁਜਨ ਸਮਾਜ ਪਾਰਟੀ ਵੱਲੋਂ ਹਰ ਪੱਧਰ 'ਤੇ ਸੰਘਰਸ਼ ਕੀਤਾ ਜਾਵੇਗਾ। ਇਹ ਸ਼ਬਦ ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਨੇ ਕਹੇਂ।

ਮਜ਼ਦੂਰਾਂ 'ਤੇ ਲਾਠੀਆਂ ਨਹੀਂ—ਉਨ੍ਹਾਂ ਦਾ ਹੱਕ ਦਿਓ!

9 ਮਹੀਨਿਆਂ ਦੀ ਬਕਾਇਆ ਤਨਖਾਹ ਤੁਰੰਤ ਜਾਰੀ ਕਰੋ!

2300 ਕਾਮਿਆਂ ਨੂੰ ਨੌਕਰੀ ਤੋਂ ਹਟਾਉਣ ਦਾ ਫ਼ੈਸਲਾ ਵਾਪਸ ਲਓ!

# ਕੰਪਿਊਟਰ ਟ੍ਰੇਨਿੰਗ ਲਈ ਆਪਣੀ ਵਚਨਬੱਧਤਾ ਦੁਹਰਾਈ : ਕ੍ਰਿਪਾਲ ਸਿੰਘ ਝੱਲੀ







**ਚੱਬੇਵਾਲ( ਚਰਨਜੀਤ ਸੱਲ੍ਹਾ** )18.07.2026 ਡਾ. ਬੀ. ਆਰ. ਅੰਬੇਡਕਰ ਪਿਉਪਲ ਐਜੂਕੇਸ਼ਨ ਐਂਡ ਵੈਲਫੇਅਰ ਏਡ ਸੋਸਾਇਟੀ ਪੰਜਾਬ (ਰਜਿ:) ਵਲੋਂ ਪਿੰਡ ਸੈਦੋ ਪੱਟੀ ਜਿਲ੍ਹਾ ਹੁਸ਼ਿਆਰਪੁਰ ਵਿਖੇ (ਸਾਲ 2026-2027) ਕ੍ਰਮਵਾਰ ਕਟਿੰਗ ਟੇਲਰਿੰਗ ਐਂਡ ਫੈਸ਼ਨ ਡਿਜਾਇੰਗ ਕੋਰਸ ਦੀਆਂ 22 ਲੜਕੀਆਂ ਅਤੇ ਅਡਵਾਂਸ ਬਿਊਟੇਸ਼ਨ ਕੋਰਸ ਦੀਆ 34 ਲੜਕੀਆਂ ਟ੍ਰੇਨਿੰਗ ਕਰ ਰਹੀਆਂ ਹਨ। ਸਮੂਹ ਪਾਰਟੀਸਿਪੈਂਟਸ ਦੀ ਚੌਥੀ ਮੀਟਿੰਗ ਸ. ਮਹਿੰਦਰ ਸਿੰਘ ਧਾਮੀ ਕਨਵੀਨਰ ਕੈਲੀਫੋਰਨੀਆ ਅਮਰੀਕਾ ਦੀ ਪ੍ਰਧਾਨਗੀ ਹੇਠ ਅਯੋਜਿਤ ਕੀਤੀ ਗਈ । ਇਸ ਮੌਕੇ ਉਨਾ ਨੇ ਕੰਪਿਊਟਰ ਟ੍ਰੇਨਿੰਗ ਲਈ ਵੀ ਆਪਣੀ ਵਚਨਬੱਧਤਾ ਦੁਹਰਾਈ ਅਤੇ ਕਿਹਾ ਕਿ ਵੱਧ ਤੋਂ ਵੱਧ ਲੜਕੀਆਂ ਨੂੰ ਉਤਸ਼ਾਹਿਤ ਕੀਤਾ ਜਾਵੇ ਤਾਂ ਕਿ ਅਗਲੇ ਸਾਲ ਤੋਂ ਕੰਪਿਊਟਰ ਕੋਰਸ ਸ਼ੁਰੂ ਕੀਤਾ ਕਾ ਸਕੇ। ਇਸ ਮੌਕੇ ਕਿਰਪਾਲ ਸਿੰਘ ਝੱਲੀ ਐਡਵਾਈਜਰ/ ਸੇਵਾਮੁਕਤ ਜਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਵਲੋਂ ਚੱਲ ਰਹੇ ਦੋਹਾਂ ਕੋਰਸਾਂ ਦੇ ਕੰਮਕਾਜ ਦੀ ਸਮੀਖਿਆ ਕੀਤੀ ਗਈ ਅਤੇ ਚੱਲ ਰਹੇ ਟ੍ਰੇਨਿੰਗ ਕੰਮਾਂ 'ਤੇ ਤਸੱਲੀ ਪ੍ਰਗਟ ਕੀਤੀ। ਉਨਾ ਕਿਹਾ ਕਿ ਸਰਪੰਚ ਸ. ਭੁਪਿੰਦਰ ਸਿੰਘ ਸੈਦੋ ਪੱਟੀ ਦੇ ਯਤਨਾ ਸਦਕਾ ਦੋਹਾ ਕੋਰਸਾਂ ਨੂੰ ਨੇਪਰੇ ਚਾੜਿਆ ਜਾ ਰਿਹਾ ਹੈ। ਡਾ. ਬੀ. ਆਰ ਅੰਬੇਡਕਰ ਸੋਸਾਇਟੀ ਵਲੋਂ ਲੜਕੀਆਂ ਨੂੰ ਰੀਫ੍ਰੈਸ਼ਮੈਂਟ ਵੀ ਤਕਸੀਮ ਕੀਤੀ ਗਈ। ਮੀਟਿੰਗ ਵਿੱਚ ਹਰਦੀਪ ਕੌਰ ਇੰਸਟਰੱਕਟਰ,ਅਨੁਰਾਧਾ ਇੰਸਟਰੱਕਟਰ ਅਤੇ ਜਿੱਖਿਆਰਣਾਂ ਹਾਜਰ ਸਨ।

# ਲੋਕਾਂ ਦਾ ਭਰੋਸਾ ਹੀ ਸਾਡੀ ਸਭ ਤੋਂ ਵੱਡੀ ਤਾਕਤ, 2027 'ਚ ਮੁੜ ਬਣੇਗੀ 'ਆਪ' ਦੀ ਸਰਕਾਰ : ਸਤਨਾਮ ਜਲਾਲਪੁਰ

## ਪਿੰਡ ਮਾਲੇਵਾਲ ਕੋਹਲੀ ਵਿਖੇ ਸੀਨੀਅਰ 'ਆਪ' ਆਗੂ ਨੇ ਕੀਤੀ ਨੁੱਕੜ ਮੀਟਿੰਗ, ਉਮੜਿਆ ਲੋਕਾਂ ਦਾ ਹੜ੍ਹ

**ਬਲਾਚੌਰ , 19 ਜੁਲਾਈ (ਜਤਿੰਦਰਪਾਲ ਸਿੰਘ ਕਲੇਰ) :** ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਪਾਰਟੀ ਵੱਲੋਂ ਪਿੰਡਾਂ ਵਿੱਚ ਲਗਾਤਾਰ ਨੁੱਕੜ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ। ਇਸੇ ਲੜੀ ਤਹਿਤ ਅੱਜ ਕਾਠਗੜ੍ਹ ਦੇ ਨੇੜਲੇ ਪਿੰਡ ਮਾਲੇਵਾਲ ਕੋਹਲੀ ਵਿਖੇ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਸ਼ਿਰਕਤ ਕਰਕੇ 'ਆਪ' ਆਗੂ ਦਾ ਭਰਵਾਂ ਸਵਾਗਤ ਕੀਤਾ।

- ਗਰੀਬਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਹਨ ਸਤਨਾਮ ਜਲਾਲਪੁਰ

ਜ਼ਿਕਰਯੋਗ ਹੈ ਕਿ ਸੀਨੀਅਰ 'ਆਪ' ਆਗੂ ਸਤਨਾਮ ਜਲਾਲਪੁਰ ਪਾਰਟੀ ਦੇ ਸਭ ਤੋਂ ਪੁਰਾਣੇ ਅਤੇ ਵਫ਼ਾਦਾਰ ਸਿਪਾਹੀ ਹਨ। ਉਹ ਚੇਅਰਮੈਨ ਦੇ ਅਹੁਦੇ 'ਤੇ ਵੀ ਬਾਖੂਬੀ ਸੇਵਾਵਾਂ ਨਿਭਾ ਚੁੱਕੇ ਹਨ। ਚੇਅਰਮੈਨ ਰਹਿੰਦਿਆਂ ਉਨ੍ਹਾਂ ਨੇ ਹਲਕੇ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਅਤੇ ਬਿਨਾਂ ਕਿਸੇ ਸਿਆਸੀ ਪੱਖਪਾਤ ਤੋਂ ਹਰ ਪਿੰਡ ਵਿੱਚ ਵੱਧ ਤੋਂ ਵੱਧ ਗ੍ਰਾਂਟਾਂ ਮੁਹੱਈਆ



ਕਰਵਾਈਆਂ। ਹੇਠਲੇ ਪੱਧਰ 'ਤੇ ਲੋਕਾਂ ਨਾਲ ਜੁੜੇ ਹੋਣ ਅਤੇ ਗਰੀਬ ਵਰਗ ਦੀ ਬਾਂਹ ਫੜਨ ਕਾਰਨ ਇਲਾਕੇ ਦੇ ਲੋਕ ਉਨ੍ਹਾਂ ਨੂੰ 'ਗਰੀਬਾਂ ਦੇ ਮਸੀਹਾ' ਵਜੋਂ ਵੀ ਸਤਿਕਾਰ ਦਿੰਦੇ ਹਨ।

- ਪਿੰਡ ਦੇ ਮੁੱਦਿਆਂ 'ਤੇ ਹੋਈ ਗੰਭੀਰ ਵਿਚਾਰ-ਚਰਚਾ

ਅੱਜ ਪਿੰਡ ਮਾਲੇਵਾਲ ਕੋਹਲੀ ਵਿਖੇ ਪਿੰਡ ਵਾਸੀਆਂ ਨਾਲ ਨਿੱਘੀ ਮੁਲਾਕਾਤ ਕਰਦਿਆਂ ਸਤਨਾਮ ਜਲਾਲਪੁਰ ਨੇ ਇਲਾਕੇ ਨਾਲ ਸਬੰਧਤ ਵੱਖ-ਵੱਖ ਅਹਿਮ ਮੁੱਦਿਆਂ 'ਤੇ ਗੰਭੀਰ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਨੇ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਹੁਣ ਤੱਕ ਕੀਤੀਆਂ ਗਈਆਂ ਇਤਿਹਾਸਕ ਪ੍ਰਾਪਤੀਆਂ ਬਾਰੇ ਲੋਕਾਂ ਨਾਲ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਬਿਨਾਂ ਕਿਸੇ ਭੇਦਭਾਵ ਦੇ ਹਰ ਆਮ ਘਰ ਤੱਕ ਪਹੁੰਚਾਇਆ ਜਾ ਰਿਹਾ ਹੈ।

- ਲੋਕਾਂ ਦੇ ਭਰੋਸੇ ਨੇ ਵਧਾਇਆ ਹੌਸਲਾ

ਇਸ ਮੌਕੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸਤਨਾਮ ਜਲਾਲਪੁਰ ਨੇ ਕਿਹਾ ਕਿ ਲੋਕਾਂ ਦਾ ਭਰੋਸਾ ਹੀ ਸਾਡੀ ਸਭ ਤੋਂ ਵੱਡੀ ਤਾਕਤ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲੋਕਾਂ ਵਿੱਚ ਆਮ ਆਦਮੀ ਪਾਰਟੀ ਪ੍ਰਤੀ ਭਾਰੀ ਉਤਸ਼ਾਹ ਹੈ ਅਤੇ ਪੰਜਾਬ ਦੀ ਜਨਤਾ ਸਰਕਾਰ ਦੇ ਕੰਮਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸ਼ਾਨਦਾਰ ਬਹੁਮਤ ਨਾਲ ਮੁੜ ਰਿਪੀਟ ਹੋਣ ਜਾ ਰਹੀ ਹੈ।

ਅੰਤ ਵਿੱਚ ਸਤਨਾਮ ਜਲਾਲਪੁਰ ਨੇ ਮੀਟਿੰਗ ਵਿੱਚ ਪਹੁੰਚਣ ਅਤੇ ਮਿਲੇ ਅਥਾਹ ਪਿਆਰ, ਵਿਸ਼ਵਾਸ ਅਤੇ ਸਹਿਯੋਗ ਲਈ ਸਮੂਹ ਪਿੰਡ ਵਾਸੀਆਂ ਦਾ ਦਿਲੋਂ ਧੰਨਵਾਦ ਕੀਤਾ।

# ਆਪ ਸੀਨੀਅਰ ਆਗੂ ਅਸ਼ੋਕ ਕਟਾਰੀਆ ਵੱਲੋਂ ਪਿੰਡ ਥੋਪੀਆ ਤੋਂ 'ਤੀਰਥ ਯਾਤਰਾ ਸਕੀਮ' ਤਹਿਤ ਸ਼ਰਧਾਲੂਆਂ ਦਾ ਜਥਾ ਰਵਾਨਾ

**ਬਲਾਚੌਰ , 19 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** :ਬਲਾਚੌਰ ਦੇ ਨੇੜਲੇ ਪਿੰਡ ਥੋਪੀਆ ਵਿਖੇ ਅੱਜ ਪੰਜਾਬ ਸਰਕਾਰ ਦੀ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਹੋ ਰਹੇ ਸ਼ਰਧਾਲੂਆਂ ਦੇ ਜਥੇ ਨੂੰ ਸੀਨੀਅਰ 'ਆਪ' ਆਗੂ ਅਸ਼ੋਕ ਕਟਾਰੀਆ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸ਼ੁਭਕਾਮਨਾਵਾਂ ਸਹਿਤ ਰਵਾਨਾ ਕੀਤਾ ਗਿਆ। ਇਸ ਮੌਕੇ ਸ਼ਰਧਾਲੂਆਂ ਨੂੰ ਮਿਲਣ ਅਤੇ ਉਨ੍ਹਾਂ ਦਾ ਹੌਸਲਾ ਵਧਾਉਣ ਮੌਕੇ ਗੱਲਬਾਤ ਕਰਦਿਆਂ ਅਸ਼ੋਕ ਕਟਾਰੀਆ ਨੇ ਕਿਹਾ ਕਿ ਲੋਕਾਂ ਦੀ ਸੇਵਾ ਅਤੇ ਬਜ਼ੁਰਗਾਂ ਦਾ ਸਤਿਕਾਰ ਸਾਡੀ ਪਹਿਲ ਹੈ।" ਉਨ੍ਹਾਂ ਅੱਗੇ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਤੀਰਥ ਯਾਤਰਾ ਸਕੀਮ ਇੱਕ ਬਹੁਤ ਹੀ ਸ਼ਲਾਘਾਯੋਗ ਅਤੇ ਇਤਿਹਾਸਕ ਕਦਮ ਹੈ। ਉਨ੍ਹਾਂ ਨੇ ਮੌਜੂਦ




ਸੰਗਤ ਅਤੇ ਯਾਤਰੀਆਂ ਨਾਲ ਸਰਕਾਰ ਵੱਲੋਂ ਸ਼ੁਰੂ ਕੀਤੀ ਇਸ ਲੋਕ-ਭਲਾਈ ਪਹਿਲ ਬਾਰੇ ਅਹਿਮ ਜਾਣਕਾਰੀ ਵੀ ਸਾਂਝੀ ਕੀਤੀ, ਤਾਂ ਜੋ ਵੱਧ ਤੋਂ ਵੱਧ ਲੋਕ ਇਸ ਦਾ ਲਾਹਾ ਲੈ ਸਕਣ। ਜਥੇ ਨੂੰ ਰਵਾਨਾ ਕਰਨ ਮੌਕੇ ਅਸ਼ੋਕ ਕਟਾਰੀਆ ਨੇ ਸ਼ਰਧਾਲੂਆਂ ਦੀ ਚੰਗੀ ਸਿਹਤ ਦੀ ਕਾਮਨਾ ਕੀਤੀ ਅਤੇ ਆਖਿਆ ਕਿ ਵਾਹਿਗੁਰੂ ਸਮੂਹ ਯਾਤਰੀਆਂ ਦੀ ਇਸ ਪਵਿੱਤਰ ਯਾਤਰਾ ਨੂੰ ਸੁਖਮਈ, ਸੁਰੱਖਿਅਤ ਅਤੇ ਮੰਗਲਮਈ ਬਣਾਵੇ।

# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ : ਯਾਤਰਾ ਤੋਂ ਪਰਤੀ ਸੰਗਤ ਦਾ ਪਿੰਡ ਬਾਗੋਵਾਲ ਪਹੁੰਚਣ 'ਤੇ ਭਰਵਾਂ ਸਵਾਗਤ, ਸ਼ਰਧਾਲੂਆਂ ਨੇ ਮਾਨ ਸਰਕਾਰ ਦਾ ਜਿਤਾਇਆ ਆਭਾਰ

**ਬਲਾਚੌਰ, 18 ਜੁਲਾਈ (ਜਤਿੰਦਰਪਾਲ ਸਿੰਘ ਕਲੇਰ) :** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਇਲਾਕੇ ਅੰਦਰ ਵੱਡੀ ਸਫ਼ਲਤਾ ਸਾਬਤ ਹੋ ਰਹੀ ਹੈ। ਇਸੇ ਕੜੀ ਤਹਿਤ ਹਲਕਾ ਬਲਾਚੌਰ ਦੇ ਪਿੰਡ "ਬਾਗੋਵਾਲ" ਤੋਂ ਧਾਰਮਿਕ ਅਸਥਾਨਾਂ ਦੀ ਯਾਤਰਾ 'ਤੇ ਗਈ ਸੰਗਤ ਜਦੋਂ ਆਪਣੀ ਪਵਿੱਤਰ ਯਾਤਰਾ ਸਫ਼ਲਤਾਪੂਰਵਕ ਮੁਕੰਮਲ ਕਰਕੇ ਵਾਪਸ ਪਰਤੀ, ਤਾਂ ਇੱਥੇ ਪਹੁੰਚਣ 'ਤੇ ਉਨ੍ਹਾਂ ਦਾ ਬਹੁਤ ਹੀ ਉਤਸ਼ਾਹ ਅਤੇ ਨਿੱਘੀ ਭਾਵਨਾ ਨਾਲ ਸਵਾਗਤ ਕੀਤਾ ਗਿਆ। ਇਸ ਮੁਬਾਰਕ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਸ਼ੋਕ ਕਟਾਰੀਆ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਯਾਤਰਾ ਤੋਂ ਪਰਤੇ ਸ਼ਰਧਾਲੂਆਂ ਦਾ ਆਦਰ-ਸਤਿਕਾਰ ਸਹਿਤ ਭਰਵਾਂ ਸਵਾਗਤ ਕੀਤਾ। ਯਾਤਰਾ ਤੋਂ ਵਾਪਸ ਆਏ ਬਜ਼ੁਰਗਾਂ ਦੇ ਚਿਹਰਿਆਂ 'ਤੇ ਧਾਰਮਿਕ



ਅਸਥਾਨਾਂ ਦੇ ਦਰਸ਼ਨਾਂ ਦੀ ਖੁਸ਼ੀ ਅਤੇ ਅਧਿਆਤਮਿਕ ਸਕੂਨ ਸਾਫ਼ ਝਲਕ ਰਿਹਾ ਸੀ ਅਤੇ ਉਨ੍ਹਾਂ ਨੇ ਸਰਕਾਰ ਵੱਲੋਂ ਯਾਤਰਾ ਦੌਰਾਨ ਕੀਤੇ ਗਏ ਰਹਿਣ-ਸਹਿਣ ਤੇ ਖਾਣ-ਪੀਣ ਦੇ ਸ਼ਾਨਦਾਰ ਪ੍ਰਬੰਧਾਂ ਦੀ ਜੰਮ ਕੇ ਤਾਰੀਫ਼ ਕੀਤੀ। ਧਾਰਮਿਕ ਯਾਤਰਾ ਦਾ ਅਨੰਦ ਮਾਣ ਕੇ ਪਰਤੀ ਸੰਗਤ ਨੇ ਇਸ ਇਤਿਹਾਸਕ ਅਤੇ ਲੋਕ-ਪੱਖੀ ਉਪਰਾਲੇ ਲਈ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ, ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਅਤੇ ਯੂਥ ਆਗੂ ਕਰਨਵੀਰ ਕਟਾਰੀਆ ਸਮੇਤ ਸਮੁੱਚੀ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਪ੍ਰਗਟਾਇਆ। ਸ਼ਰਧਾਲੂਆਂ ਨੇ ਭਾਵੁਕ ਹੁੰਦਿਆਂ ਕਿਹਾ ਕਿ ਸਰਕਾਰ ਵੱਲੋਂ ਬਜ਼ੁਰਗਾਂ ਨੂੰ ਉਨ੍ਹਾਂ ਦੇ ਜੀਵਨ ਦੇ ਇਸ ਪੜਾਅ 'ਤੇ ਮੁਫ਼ਤ ਤੀਰਥ ਯਾਤਰਾ ਕਰਵਾ ਕੇ ਜੋ ਮਾਣ-ਸਤਿਕਾਰ ਬਖ਼ਸ਼ਿਆ ਗਿਆ ਹੈ, ਉਹ ਬਹੁਤ ਹੀ ਸ਼ਲਾਘਾਯੋਗ ਅਤੇ ਬੇਮਿਸਾਲ ਕਦਮ ਹੈ, ਜਿਸ ਲਈ ਉਹ ਹਮੇਸ਼ਾ ਸਰਕਾਰ ਦੇ ਰਿਣੀ ਰਹਿਣਗੇ।

# ਜ਼ਮੀਨੀ ਪੱਧਰ 'ਤੇ ਲੋਕਾਂ ਦੇ ਮਸਲੇ ਹੱਲ ਕਰਕੇ ਮਿਸਾਲ ਬਣੇ ਐਡਵੋਕੇਟ ਸੰਜੀਵ ਚੋਧਰੀ ਚੇਚੀ; ਪਿੰਡ ਜੰਡੀ ਪਹੁੰਚਣ 'ਤੇ ਸਿਰਪਾਓ ਦੇ ਕੇ ਕੀਤਾ ਭਰਵਾਂ ਸਵਾਗਤ

**ਨਵਾਂਸ਼ਹਿਰ /ਕਾਠਗੜ੍ਹ , 19 ਜੁਲਾਈ (ਜਤਿੰਦਰਪਾਲ ਸਿੰਘ ਕਲੇਰ) :** ਇਲਾਕੇ ਅੰਦਰ ਜ਼ਮੀਨੀ ਪੱਧਰ 'ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣ ਕੇ ਉਨ੍ਹਾਂ ਦਾ ਤੁਰੰਤ ਨਿਪਟਾਰਾ ਕਰਨ ਲਈ ਵਿਸ਼ੇਸ਼ ਪਛਾਣ ਬਣਾ ਚੁੱਕੇ ਆਮ ਆਦਮੀ ਪਾਰਟੀ ਦੇ ਨੌਜਵਾਨ ਆਗੂ ਐਡਵੋਕੇਟ ਸੰਜੀਵ ਚੋਧਰੀ ਚੇਚੀ ਅੱਜ ਕਾਠਗੜ੍ਹ ਦੇ ਨਜ਼ਦੀਕੀ ਪਿੰਡ ਜੰਡੀ ਵਿਖੇ ਪਹੁੰਚੇ। ਪਿੰਡ ਵਿਖੇ ਪਹੁੰਚਣ 'ਤੇ ਸਮੂਹ ਨਗਰ ਨਿਵਾਸੀਆਂ ਅਤੇ ਮੋਹਤਵਰ ਸੱਜਣਾਂ ਵੱਲੋਂ ਉਨ੍ਹਾਂ ਦਾ ਬਹੁਤ ਹੀ ਉਤਸ਼ਾਹ ਨਾਲ ਨਿੱਘਾ ਅਤੇ ਭਰਵਾਂ ਸਵਾਗਤ ਕੀਤਾ ਗਿਆ। ਇਸ ਦੌਰਾਨ ਪਿੰਡ ਵਾਸੀਆਂ ਵੱਲੋਂ ਐਡਵੋਕੇਟ ਚੇਚੀ ਨੂੰ ਵਿਸ਼ੇਸ਼ ਤੌਰ 'ਤੇ ਸਿਰਪਾਓ ਬਖਸ਼ਿਸ਼ ਕਰਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮਿਲਣੀ ਦੌਰਾਨ ਐਡਵੋਕੇਟ ਸੰਜੀਵ ਚੋਧਰੀ ਚੇਚੀ ਨੂੰ ਪਿੰਡ ਜੰਡੀ ਦੇ ਪਤਵੰਤੇ ਸੱਜਣਾਂ ਨਾਲ ਮਿਲਣ ਅਤੇ ਵਿਚਾਰ ਸਾਂਝੇ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹਾਂ ਨੇ ਇਕੱਠੇ ਬੈਠ ਕੇ ਇਲਾਕੇ ਦੇ ਸਰਵਪੱਖੀ ਵਿਕਾਸ, ਆਮ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਹੋਰ



ਜਨਹਿੱਤ ਦੇ ਅਹਿਮ ਮੁੱਦਿਆਂ 'ਤੇ ਬਹੁਤ ਹੀ ਖੁੱਲ੍ਹ ਕੇ ਗੰਭੀਰ ਵਿਚਾਰ-ਵਟਾਂਦਰਾ ਕੀਤਾ। ਐਡਵੋਕੇਟ ਚੇਚੀ ਵੱਲੋਂ ਜ਼ਮੀਨੀ ਪੱਧਰ 'ਤੇ ਲੋਕਾਂ ਦੇ ਦੁੱਖ-ਦਰਦ ਸੁਣ ਕੇ ਉਨ੍ਹਾਂ ਨੂੰ ਹੱਲ ਕਰਨ ਦੀ ਚਲਾਈ ਗਈ ਇਸ ਮੁਹਿੰਮ ਦੀ ਹਰ ਪਾਸੇ ਭਰਪੂਰ ਸ਼ਲਾਘਾ ਹੋ ਰਹੀ ਹੈ ਅਤੇ ਇਲਾਕੇ ਵਿੱਚ ਇਹ ਗੱਲ ਆਮ ਚੱਲ ਰਹੀ ਹੈ ਕਿ "ਆਪ ਦਾ ਨੌਜਵਾਨ ਸੰਜੀਵ ਚੇਚੀ ਕਰਦਾ ਮਸਲੇ ਹੱਲ"। ਉਨ੍ਹਾਂ ਨੇ ਪਿੰਡ ਵਾਸੀਆਂ ਵੱਲੋਂ ਮਿਲੇ ਅਥਾਹ ਪਿਆਰ, ਸਤਿਕਾਰ ਅਤੇ ਵਿਸ਼ਵਾਸ ਲਈ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਪ੍ਰਗਟਾਇਆ। ਇਸ ਵਿਸ਼ੇਸ਼ ਅਤੇ ਪ੍ਰਭਾਵਸ਼ਾਲੀ ਇਕੱਠ ਦੌਰਾਨ ਇਲਾਕੇ ਦੀਆਂ ਕਈ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ, ਜਿਨ੍ਹਾਂ ਵਿੱਚ ਕੀਮਤੀ ਲਾਲ ਬਾਂਠ, ਦੁਰਗੇਸ਼ ਜੰਡੀ, ਰਾਮ ਲਾਲ ਭੂੰਬਲਾ, ਕਮਲਜੀਤ ਬਾਂਠ, ਚਰਨਜੀਤ ਬਾਂਠ, ਵੇਰਕਾ ਸੋਸਾਇਟੀ ਦੇ ਪ੍ਰਧਾਨ ਰਵੀਨੰਦਨ ਬਾਂਠ, ਯਸ਼ਪਾਲ ਲੰਬੜਦਾਰ, ਸਾਬਕਾ ਸਰਪੰਚ ਬਿੰਦਰ ਬਾਂਠ, ਰਾਜ ਕੁਮਾਰ ਬਾਂਠ, ਬਿੱਲੂ ਚੇਚੀ, ਪੰਚਾਇਤ ਮੈਂਬਰ ਮਨਮੋਹਣ ਚੇਚੀ ਅਤੇ ਡੀਪੂ ਹੋਲਡਰ ਸੁਰਿੰਦਰ ਹੱਕਲਾ ਸਮੇਤ ਵੱਡੀ ਗਿਣਤੀ ਵਿੱਚ ਹੋਰ ਪਤਵੰਤੇ ਸੱਜਣ ਅਤੇ ਪਿੰਡ ਵਾਸੀ ਸ਼ਾਮਲ ਸਨ।

**ਤਸਵੀਰ ਹਰਸਿਮਰਨ ਜੋਤ ਸਿੰਘ ਕਲੇਰ**

# (ਮਹਿਫਿਲਾਂ ਦੇ ਵਿੱਚ ਵਿਰੋਧੀ ਸੁਰ)

ਮਹਿਫਿਲਾਂ ਦੇ ਵਿੱਚ ਜਦੋਂ ਗੱਲਾਂ ਹੁੰਦੀਆਂ, ਤਾਂ ਬਹੁਤ ਸਾਰੀਆਂ ਹੁੰਦੀਆਂ ਗੱਲਾਂ ਵਿਰੋਧੀ। ਸਿਆਣਪ ਇਸੇ ਗੱਲ ਵਿੱਚ ਹੁੰਦੀ, ਰੁਖ ਨਾ ਅਪਣਾਉ ਕਰੋਧੀ। ਸਿਆਣਾ ਬੰਦਾ ਮੁਸਕਰਾ ਕੇ ਹਰ ਗੱਲ ਨੂੰ ਦਿੰਦਾ ਟਾਲ। ਹਾਸਿਆਂ ਦੀਆਂ ਛਹਿਬਰਾਂ ਲੱਗੀਆਂ ਰਹਿੰਦੀਆਂ, ਮਾਹੌਲ ਬਣਦਾ ਕਮਾਲ। ਜੋ ਕੁਝ ਵਾਪਰਨਾ ਹੁੰਦਾ,ਕੁਝ ਵੀ ਨਹੀਂ ਤੁਹਾਡੇ ਹੱਥ। ਕਿਉ ਚੁੱਕਦੇ ਹੋ ਪਰੇਸ਼ਾਨੀਆਂ ਦੀ ਪੰਡ, ਜਦੋਂ ਤੁਹਾਡੇ ਕੁਝ ਨਹੀਂ ਹੱਥ ਵੱਸ। ਕਰੋ ਸਲਾਮਾਂਲੇਕੁਮ-ਸਲਾਮ-ਜਿੰਦਾਬਾਦ ! ਸਮਝਦਾਰ ਬੰਦੇ ਤਹਿਜੀਬ ਨਾਲ ਚਲਦੇ, ਕਿਸੇ ਦੇ ਦਿਲ ਨੂੰ ਨਹੀਂ ਪਹੁੰਚਾਉਂਦੇ ਚੋਟ। ਖ਼ੁਦਗਰਜ਼ ਬੰਦੇ ਹਮੇਸ਼ਾ ਆਪਣਾ ਪੱਖ ਰੱਖਦੇ, ਜਿੱਧਰ ਨੂੰ ਉਹਨਾਂ ਦਾ ਚਾਲਾ ਆਵੇ ਲੋਟ। ਸਿਆਣਾ ਬੰਦਾ ਹਲਕਾ ਫੁਲਕਾ ਰਹਿੰਦਾ ਕਰਕੇ ਆਪਣੀਆਂ ਗੱਲਾਂ। ਵਿਚਾਰਾਂ ਦਾ ਭਾਂਬੜ ਜਿਨ੍ਹਾਂ ਦੇ ਅੰਦਰ ਮੱਚੇ, ਮਾਰ ਨਹੀਂ ਸਕਦੇ ਮੱਲਾਂ। ਕਾਇਦਾ- ਕਾਨੂੰਨ ਮਹਿਫਲ ਦਾ ਕਹਿੰਦਾ, ਕਿਸੇ ਨੂੰ ਠੇਸ ਨਾ ਪਹੁੰਚਾਓ। ਸਭ ਦੀਆਂ ਸੁਣੋ ਆਪਣੀ ਵੀ ਸੁਣਾਓ, ਘਚੋਲਾ ਨਾ ਕਿਸੇ ਗੱਲ ਦਾ ਪਾਓ



ਜੈ ਜਗਨਨਾਥ ਸ਼ਿਵਾਏ ਓਮ-ਨਮ-ਸ਼ਿਵਾਏ, ਨਮਸਕਾਰ ! ਮਹਿਫਿਲਾਂ ਲੱਗਦੀਆਂ, ਸਾਂਝਾ ਵਧਦੀਆਂ, ਰੌਣਕਾਂ ਲੱਗਦੀਆਂ। ਸਭ ਭਾਈਵਾਲਾਂ ਨੂੰ ਚੰਗੀਆਂ ਲੱਗਦੀਆਂ। ਧੱਕੇ ਨਾਲ ਠੋਸੋ ਨਾ ਆਪਣੀ ਗੱਲ ਕਦੇ, ਜ਼ਿੰਦਗੀ ਵਿੱਚ ਪਛਤਾਓਗੇ। ਹੱਸਦਿਆਂ ਦੇ ਘਰ ਵੱਸਦੇ, ਉਜੜ ਜਾਣ ਵਾਲੀਆਂ ਗੱਲਾਂ ਕਰਕੇ ਉੱਜੜ ਜਾਓਗੇ। ਗੁੱਸੇ ਚ ਗੱਲਾਂ ਕਰਨ ਵਾਲਿਆਂ ਦਾ, ਉਨ੍ਹਾਂ ਦੇ ਘਰਾਂ ਦੇ ਮਾਹੌਲ ਤੇ ਵੀ ਪੈਂਦਾ ਅਸਰ। ਮਹਿਫ਼ਿਲ ਦੇ ਵਿੱਚ ਝੰਡੀ ਦਿਖਾ ਕੇ,ਕਾਹਦਾ ਕਰਦੇ ਫ਼ਖ਼ਰ। ਚੜ੍ਹਦੀਆਂ ਕਲਾਂ ਚ ਬੋਲਿਆ ਕਰੋ, "ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ। "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ !



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

# ਦੇਸ਼ ਭਰ 'ਚ ਈ-20 ਪੈਟਰੋਲ ਥੋਪਣ ਖ਼ਿਲਾਫ਼ ਸੀਨੀਅਰ ਆਪ ਆਗੂ ਸਤਨਾਮ ਜਲਾਲਪੁਰ ਨੇ ਖੋਲ੍ਹਿਆ ਮੋਰਚਾ; ਪ੍ਰਧਾਨ ਮੰਤਰੀ ਦੇ ਨਾਮ ਪਟੀਸ਼ਨ 'ਤੇ ਹਸਤਾਖਰ ਕਰ ਚੁੱਕੇ ਵੱਡੇ ਸਵਾਲ

## ਕਿਹਾ- ਜਨਤਾ ਦੀ ਆਵਾਜ਼ ਸੁਣਨ ਦੀ ਬਜਾਏ ਜ਼ਬਰਦਸਤੀ ਫੈਸਲੇ ਲਾਗੂ ਕਰ ਰਹੀ ਹੈ ਕੇਂਦਰ ਸਰਕਾਰ

**ਬਲਾਚੌਰ 19ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** : ਦੇਸ਼ ਭਰ ਵਿੱਚ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਜਾ ਰਹੇ ਈ-20 ਪੈਟਰੋਲ (ਐਥੇਨੌਲ ਬਲੈਂਡਡ ਪੈਟਰੋਲ) ਦੇ ਖ਼ਿਲਾਫ਼ ਹੁਣ ਆਵਾਜ਼ ਹੋਰ ਬੁਲੰਦ ਹੋਣੀ ਸ਼ੁਰੂ ਹੋ ਗਈ ਹੈ। ਇਸੇ ਕੜੀ ਤਹਿਤ ਹਲਕਾ ਬਲਾਚੌਰ ਦੇ ਸੀਨੀਅਰ ਆਪ ਆਗੂ ਅਤੇ ਸਾਬਕਾ ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਦਫ਼ਤਰ, ਨਵੀਂ ਦਿੱਲੀ ਦੇ ਨਾਮ ਇੱਕ ਵਿਸ਼ੇਸ਼ ਪਟੀਸ਼ਨ ‘ਤੇ ਹਸਤਾਖਰ ਕਰਕੇ ਦੇਸ਼ ਭਰ ਦੇ ਵਾਹਨ ਚਾਲਕਾਂ ਅਤੇ ਆਮ ਜਨਤਾ ਦੇ ਹੱਕ ਵਿੱਚ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਵੱਡਾ ਬਿਆਨ ਜਾਰੀ ਕੀਤਾ ਗਿਆ ਹੈ।ਇਸ ਮਸਲੇ ‘ਤੇ ਸਤਨਾਮ ਜਲਾਲਪੁਰ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਸ ਸਮੇਂ ਪੂਰੇ ਦੇਸ਼ ਵਿੱਚ ਈ-20 ਪੈਟਰੋਲ ਨੂੰ ਜਬਰੀ ਲਾਗੂ ਕੀਤੇ ਜਾਣ ਖ਼ਿਲਾਫ਼ ਜਨਤਾ ਵਿੱਚ ਭਾਰੀ ਰੋਸ ਅਤੇ ਹਾਹਾਕਾਰ ਮਚੀ ਹੋਈ ਹੈ। ਉਨ੍ਹਾਂ ਅਫ਼ਸੋਸ ਜਤਾਉਂਦਿਆਂ ਕਿਹਾ ਕਿ ਇਹ ਦੇਖ ਕੇ ਬਹੁਤ ਦੁੱਖ ਹੁੰਦਾ ਹੈ ਕਿ ਕੇਂਦਰ ਸਰਕਾਰ ਜਨਤਾ ਦੀ ਆਵਾਜ਼ ਅਤੇ ਉਨ੍ਹਾਂ ਦੀਆਂ ਤਕਲੀਫ਼ਾਂ ਨੂੰ ਬਿਲਕੁਲ ਨਹੀਂ ਸੁਣ ਰਹੀ ਅਤੇ ਇਸ ਫ਼ੈਸਲੇ ਨੂੰ ਹਰ ਹਾਲ ਵਿੱਚ ਥੋਪਣ ‘ਤੇ ਤੁਲੀ ਹੋਈ ਹੈ।

ਸਰਕਾਰ ਦੇ ਫੈਸਲੇ ਪਿੱਛੇ ਨਾ ਕੋਈ ਵਿਗਿਆਨ ਹੈ ਅਤੇ ਨਾ ਹੀ ਅਰਥ ਸ਼ਾਸਤਰ

ਸਤਨਾਮ ਜਲਾਲਪੁਰ ਨੇ ਕੇਂਦਰ ਸਰਕਾਰ ਦੀ ਨੀਤੀ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਨੂੰ ਜਾਇਜ਼ ਠਹਿਰਾਉਣ ਲਈ ਨਾ ਤਾਂ ਕੋਈ ਠੋਸ ਤਰਕ ਦਿਖਾਈ ਦੇ ਰਿਹਾ ਹੈ, ਨਾ ਹੀ ਕੋਈ ਵਿਗਿਆਨ , ਇੰਜੀਨੀਅਰਿੰਗ ਜਾਂ ਕੋਈ ਅਰਥ ਸ਼ਾਸਤਰ ਇਸ ਦੀ ਹਮਾਇਤ ਕਰਦਾ ਹੈ। ਉਨ੍ਹਾਂ ਕਿਹਾ ਕਿ ਸ਼ਾਇਦ ਇਸ ਫੈਸਲੇ ਪਿੱਛੇ ਕੋਈ ਵੱਡੀ ਰਾਜਨੀਤੀ ਕੰਮ ਕਰ ਰਹੀ ਹੈ, ਜੋ ਇੱਕ ਆਮ ਨਾਗਰਿਕ ਦੀ ਸਮਝ ਤੋਂ ਬਿਲਕੁਲ ਬਾਹਰ ਹੈ।



**ਪਟੀਸ਼ਨ ਰਾਹੀਂ ਪ੍ਰਧਾਨ ਮੰਤਰੀ ਅੱਗੇ ਰੱਖੀਆਂ ਦੋ ਪ੍ਰਮੁੱਖ ਮੰਗਾਂ:**

ਦੇਸ਼ ਦੇ ਇੱਕ ਜ਼ਿੰਮੇਵਾਰ ਨਾਗਰਿਕ ਅਤੇ ਲੋਕ ਪ੍ਰਤੀਨਿਧ ਵਜੋਂ ਸਤਨਾਮ ਜਲਾਲਪੁਰ ਨੇ ਪ੍ਰਧਾਨ ਮੰਤਰੀ ਨੂੰ ਇਸ ਮਾਮਲੇ ਵਿੱਚ ਤੁਰੰਤ ਦਖ਼ਲ ਦੇਣ ਦੀ ਅਪੀਲ ਕਰਦਿਆਂ ਦੋ ਮੁੱਖ ਮੰਗਾਂ ਜ਼ੋਰਦਾਰ ਢੰਗ ਨਾਲ ਉਠਾਈਆਂ ਹਨ:

. ਸ਼ੁੱਧ ਪੈਟਰੋਲ ਅਤੇ ਈ-20 ਵਿੱਚੋਂ ਚੋਣ ਕਰਨ ਦਾ ਅਧਿਕਾਰ: ਦੇਸ਼ ਦੇ ਸਾਰੇ ਫਿਊਲ ਸਟੇਸ਼ਨਾਂ (ਪੈਟਰੋਲ ਪੰਪਾਂ) 'ਤੇ ਆਮ ਜਨਤਾ ਨੂੰ 'ਸ਼ੁੱਧ ਪੈਟਰੋਲ' ਅਤੇ ਈ-20 ਪੈਟਰੋਲ ਵਿਚਕਾਰ ਚੋਣ ਕਰਨ ਦਾ ਸਪੱਸ਼ਟ ਵਿਕਲਪ ਦਿੱਤਾ ਜਾਵੇ। ਜਨਤਾ ਨੂੰ ਅਜਿਹਾ ਬਾਲਣ ਵਰਤਣ ਲਈ ਮਜਬੂਰ ਨਾ ਕੀਤਾ ਜਾਵੇ, ਜੋ ਉਨ੍ਹਾਂ ਦੇ ਕੀਮਤੀ ਵਾਹਨਾਂ ਦੇ ਇੰਜਣਾਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾ ਰਿਹਾ ਹੈ।. ਕੀਮਤਾਂ ਵਿੱਚ ਕੀਤੀ ਜਾਵੇ ਭਾਰੀ ਕਟੌਤੀ: ਈ-20 ਪੈਟਰੋਲ ਦੀਆਂ ਕੀਮਤਾਂ ਵਿੱਚ ਤੁਰੰਤ ਕਟੌਤੀ ਕੀਤੀ ਜਾਵੇ। ਕਿਉਂਕਿ ਈ-20 ਪੈਟਰੋਲ ਦੀ ਕੈਲੋਰੀਫਿਕ ਵੈਲਿਊ (ਊਰਜਾ ਸਮਰੱਥਾ) ਕਾਫ਼ੀ ਘੱਟ ਹੈ ਅਤੇ ਇਸ ਨਾਲ ਵਾਹਨਾਂ ਦੀ ਮਾਈਲੇਜ ਵੀ ਬਹੁਤ ਘਟ ਜਾਂਦੀ ਹੈ, ਇਸ ਲਈ ਜਨਤਾ ਕੋਲੋਂ ਇੱਕ ਅਜਿਹੇ ਪ੍ਰੋਡਕਟ ਲਈ ਪੂਰੀ ਕੀਮਤ ਵਸੂਲਣਾ ਬਿਲਕੁਲ ਨਾਜਾਇਜ਼ ਹੈ, ਜਿਸ ਦੀ ਗੁਣਵੱਤਾ ਨਾਲ ਸਮਝੌਤਾ ਕੀਤਾ ਗਿਆ ਹੋਵੇ। ਸਤਨਾਮ ਜਲਾਲਪੁਰ ਵੱਲੋਂ ਆਮ ਲੋਕਾਂ ਦੀ ਜੇਬ੍ਹ ਅਤੇ ਵਾਹਨਾਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਚੁੱਕੇ ਗਏ ਇਸ ਕਦਮ ਦੀ ਹਲਕੇ ਅਤੇ ਸੋਸ਼ਲ ਮੀਡੀਆ 'ਤੇ ਭਰਪੂਰ ਸ਼ਲਾਘਾ ਹੋ ਰਹੀ ਹੈ ਅਤੇ ਇਸ ਮੁਹਿੰਮ ਨੂੰ ਆਮ ਲੋਕਾਂ ਵੱਲੋਂ ਵੀ ਵੱਡਾ ਸਮਰਥਨ ਮਿਲ ਰਿਹਾ ਹੈ।

# ਬਲਾਚੌਰ 'ਚ ਸਿਆਸੀ ਸਰਗਰਮੀਆਂ ਤੇਜ਼: ਵਿਧਾਇਕ ਸੰਤੋਸ਼ ਕਟਾਰੀਆ ਦੇ ਗ੍ਰਹਿ ਵਿਖੇ ਵੱਖ-ਵੱਖ ਵੈਲਫ਼ੇਅਰ ਬੋਰਡਾਂ ਦੇ 15 ਨਵ-ਨਿਯੁਕਤ ਚੇਅਰਮੈਨਾਂ ਦਾ ਭਰਵਾਂ ਸਨਮਾਨ ਅਤੇ ਅਹਿਮ ਮੀਟਿੰਗ

## ਕਟਾਰੀਆ ਪਰਿਵਾਰ ਵੱਲੋਂ 2027 'ਚ ਦੁਬਾਰਾ ਸਰਕਾਰ ਬਣਾਉਣ ਅਤੇ ਹਲਕੇ 'ਚ ਜੰਗੀ ਪੱਧਰ 'ਤੇ ਵਿਕਾਸ ਕਾਰਜ ਜਾਰੀ ਰੱਖਣ ਦਾ ਵੱਡਾ ਐਲਾਨ

**ਬਲਾਚੌਰ, 19 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਹਲਕਾ ਬਲਾਚੌਰ ਵਿੱਚ ਅੱਜ ਉਸ ਸਮੇਂ ਸਿਆਸੀ ਮਾਹੌਲ ਪੂਰੀ ਤਰ੍ਹਾਂ ਭਖ ਗਿਆ, ਜਦੋਂ ਵੱਖ-ਵੱਖ ਸਮਾਜਿਕ ਵੈਲਫ਼ੇਅਰ ਬੋਰਡਾਂ ਦੇ ਨਵ-ਨਿਯੁਕਤ ਚੇਅਰਮੈਨ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਦੇ ਗ੍ਰਹਿ ਵਿਖੇ ਪਹੁੰਚੇ। ਇਸ ਮੌਕੇ ਪਾਰਟੀ ਦੀ ਮਜ਼ਬੂਤੀ ਅਤੇ ਇਲਾਕੇ ਦੇ ਵਿਕਾਸ ਨੂੰ ਲੈ ਕੇ ਇੱਕ ਬਹੁਤ ਹੀ ਅਹਿਮ ਅਤੇ ਉੱਚ ਪੱਧਰੀ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਹਲਕਾ ਵਿਧਾਇਕ ਸੰਤੋਸ਼ ਕਟਾਰੀਆ, ਸੀਨੀਅਰ ਆਗੂ ਅਸ਼ੋਕ ਕਟਾਰੀਆ ਅਤੇ ਨੌਜਵਾਨ ਆਗੂ ਕਰਨਵੀਰ ਕਟਾਰੀਆ ਨੇ ਸਾਂਝੇ ਤੌਰ 'ਤੇ ਸਾਰੇ ਨਵੇਂ ਚੁਣੇ ਗਏ ਚੇਅਰਮੈਨਾਂ ਨੂੰ ਨਿੱਘੀ ਜੀ-ਆਇਆਂ ਆਖੀ। ਕਟਾਰੀਆ ਪਰਿਵਾਰ ਵੱਲੋਂ ਸਾਰੇ ਆਗੂਆਂ ਦਾ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਸਿਰਪਾਓ ਬਖਸ਼ਿਸ਼ ਕਰਕੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਸ਼ਾਨਦਾਰ ਸਮਾਗਮ ਦੌਰਾਨ ਸਨਮਾਨਿਤ ਹੋਣ ਵਾਲੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਰਾਮਗੜ੍ਹੀਆ ਵੈਲਫ਼ੇਅਰ ਬੋਰਡ ਦੇ ਚੇਅਰਮੈਨ ਪ੍ਰਦੀਪ ਕੁਮਾਰ, ਸੈਣੀ ਵੈਲਫ਼ੇਅਰ ਬੋਰਡ ਦੇ ਚੇਅਰਮੈਨ ਗੁਰਪ੍ਰੀਤ ਸਿੰਘ, ਬ੍ਰਾਹਮਣ ਵੈਲਫ਼ੇਅਰ ਬੋਰਡ ਦੇ ਚੇਅਰਮੈਨ ਲੇਖ ਰਾਜ ਸ਼ਰਮਾ, ਦਲਿਤ ਸਮਾਜ ਵੈਲਫ਼ੇਅਰ ਬੋਰਡ ਦੇ ਚੇਅਰਮੈਨ ਬਲਵੀਰ ਚੰਦ, ਪ੍ਰਜਾਪਤ ਸਮਾਜ ਵੈਲਫ਼ੇਅਰ ਬੋਰਡ ਦੇ ਚੇਅਰਮੈਨ ਚੰਦਨ ਕੁਮਾਰ, ਅਤੇ ਰਾਜਪੂਤ ਕਲਿਆਣ ਬੋਰਡ ਦੇ ਚੇਅਰਮੈਨ ਵਿਸ਼ਵਰਾਜ ਰਾਣਾ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਪੰਜਾਬ ਸਟੇਟ ਮੁਸਲਿਮ ਡਿਵੈਲਪਮੈਂਟ ਬੋਰਡ ਦੇ



ਚੇਅਰਮੈਨ ਮੋਹਮਦ ਯਾਕੂਬ, ਕੰਬੋਜ ਵੈਲਫ਼ੇਅਰ ਬੋਰਡ ਦੇ ਚੇਅਰਮੈਨ ਸਤਨਾਮ ਸਿੰਘ, ਗੁੱਜਰ ਵੈਲਫ਼ੇਅਰ ਬੋਰਡ ਦੇ ਚੇਅਰਮੈਨ ਰਾਮ ਸਰੂਪ, ਮਸੀਹ ਵੈਲਫ਼ੇਅਰ ਬੋਰਡ ਦੇ ਚੇਅਰਮੈਨ ਮਨਿੰਦਰ ਸਿੰਘ, ਬਾਜ਼ੀਗਰ ਵੈਲਫ਼ੇਅਰ ਬੋਰਡ ਦੇ ਚੇਅਰਮੈਨ ਗਿਆਨ ਚੰਦ, ਖੱਤਰੀ ਅਰੋੜਾ ਵੈਲਫ਼ੇਅਰ ਬੋਰਡ ਦੇ ਚੇਅਰਮੈਨ ਰੋਹਿਤ ਸੋਨੀ, ਸਵਰਨਕਾਰ ਵੈਲਫ਼ੇਅਰ ਬੋਰਡ ਦੇ ਚੇਅਰਮੈਨ ਬਲਵੀਰ ਸਿੰਘ, ਸੈਨ ਵੈਲਫ਼ੇਅਰ ਬੋਰਡ ਦੇ ਚੇਅਰਮੈਨ ਸ਼ੀਤਲ ਕੁਮਾਰ ਅਤੇ ਸਪੋਰਟਸ ਵੈਲਫ਼ੇਅਰ ਬੋਰਡ ਦੇ ਚੇਅਰਮੈਨ ਰਾਜੇਸ਼ ਕੁਮਾਰ ਦਾ ਵੀ ਵਿਸ਼ੇਸ਼ ਤੌਰ 'ਤੇ ਭਰਵਾਂ ਸਨਮਾਨ ਕੀਤਾ ਗਿਆ।ਇਸ ਮੌਕੇ ਸੀਨੀਅਰ ਆਪ ਆਗੂ ਜਸਵੀਰ ਸਿੰਘ ਘੁੰਮਣ ਸਰਪੰਚ ਉਚੇਚੇ ਤੌਰ ਹਾਜ਼ਰ ਸਨ।

ਮੀਟਿੰਗ ਦੌਰਾਨ ਹਲਕੇ ਦੀ ਸਿਆਸੀ ਸਥਿਤੀ ਅਤੇ ਪਾਰਟੀ ਦੇ ਸੰਗਠਨਾਤਮਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ 'ਤੇ ਗੰਭੀਰ ਚਰਚਾ ਹੋਈ। ਇਸ ਮੌਕੇ ਵਿਧਾਇਕ ਕਟਾਰੀਆ ਅਤੇ ਹਾਜ਼ਰ ਲੀਡਰਸ਼ਿਪ ਨੇ ਦਾਅਵਾ ਕੀਤਾ ਕਿ ਪਾਰਟੀ ਵਰਕਰਾਂ ਅਤੇ ਆਗੂਆਂ ਦੀ ਮਿਹਨਤ ਸਦਕਾ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਦੁਬਾਰਾ ਸ਼ਾਨਦਾਰ ਬਹੁਮਤ ਨਾਲ ਸਰਕਾਰ ਰਿਪੀਟ ਹੋਵੇਗੀ। ਕਟਾਰੀਆ ਪਰਿਵਾਰ ਵੱਲੋਂ ਹਲਕੇ ਦੇ ਸਰਵਪੱਖੀ ਵਿਕਾਸ ਲਈ ਦਿਨ-ਰਾਤ ਇੱਕ ਕੀਤਾ ਜਾ ਰਿਹਾ ਹੈ ਅਤੇ ਪੂਰੇ ਇਲ-ਾਕੇ ਵਿੱਚ ਬਿਨਾਂ ਕਿਸੇ ਪੱਖਪਾਤ ਦੇ ਜੰਗੀ ਪੱਧਰ 'ਤੇ ਵਿਕਾਸ ਦੇ ਕਾਰਜ ਕਰਵਾਏ ਜਾ ਰਹੇ ਹਨ। ਆਉਣ ਵਾਲੇ ਸਮੇਂ ਵਿੱਚ ਵੀ ਇਨ੍ਹਾਂ ਕਾਰਜਾਂ ਦੀ ਰਫ਼ਤਾਰ ਨੂੰ ਹੋਰ ਤੇਜ਼ ਕੀਤਾ ਜਾਵੇਗਾ ਤਾਂ ਜੋ ਹਰ ਨਾਗਰਿਕ ਤੱਕ ਸਰਕਾਰ ਦੀਆਂ ਸਹੂਲਤਾਂ ਪਹੁੰਚ ਸਕਣ। ਇਸ ਭਰਵੇਂ ਸਨਮਾਨ ਸਮਾਰੋਹ ਤੋਂ ਬਾਅਦ ਨਵ-ਨਿਯੁਕਤ ਚੇਅਰਮੈਨਾਂ ਨੇ ਕਟਾਰੀਆ ਪਰਿਵਾਰ ਅਤੇ ਉੱਚ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਪਾਰਟੀ ਦੀ ਮਜ਼ਬੂਤੀ ਲਈ ਹਮੇਸ਼ਾ ਤਤਪਰ ਰਹਿਣਗੇ।

# ਪ੍ਰੈਸ ਲੋਕਤੰਤਰ ਦਾ ਚੌਥਾ ਸਤੰਭ, ਨੌਜਵਾਨੀ ਨੂੰ ਸਹੀ ਰਸਤੇ ਪਾਉਣ ਲਈ ਸੱਚਾਈ ਸਾਹਮਣੇ ਲਿਆਵੇ: ਇੰਜ. ਹਿੱਤਰਾਜ ਜੰਡੀ

## ਆਜ਼ਾਦ ਐਂਡ ਪ੍ਰੈਸ ਵੈਲਫੇਅਰ ਕਲੱਬ ਦੀ ਅਹਿਮ ਮੀਟਿੰਗ ਪ੍ਰਧਾਨ ਹੈਪੀ ਰਾਣਾ ਦੀ ਪ੍ਰਧਾਨਗੀ ਹੇਠ ਸਫਲਤਾਪੂਰਵਕ ਸੰਪੰਨ, ਨਵ-ਨਿਯੁਕਤ ਯੂਥ ਕਾਂਗਰਸ ਪ੍ਰਧਾਨ ਨੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ

**ਬਲਾਚੌਰ , 19 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਆਜ਼ਾਦ ਐਂਡ ਪ੍ਰੈਸ ਵੈਲਫੇਅਰ ਕਲੱਬ ਦੀ ਇੱਕ ਅਹਿਮ ਅਤੇ ਵਿਸ਼ੇਸ਼ ਮੀਟਿੰਗ ਕਲੱਬ ਦੇ ਪ੍ਰਧਾਨ ਨਰੇਸ਼ ਕੁਮਾਰ ਹੈਪੀ ਰਾਣਾ ਦੀ ਪ੍ਰਧਾਨਗੀ ਹੇਠ ਸਫਲਤਾ ਪੂਰਵਕ ਸੰਪੰਨ ਹੋਈ। ਮੀਟਿੰਗ ਦੀ ਸ਼ੁਰੂਆਤ ਦੌਰਾਨ ਜਨਰਲ ਸਕੱਤਰ ਡਾ. ਤੇਜਿੰਦਰ ਸਿੰਘ ਜੋਤ ਨੇ ਪਿਛਲੇ ਮਹੀਨੇ ਦੌਰਾਨ ਕਲੱਬ ਵੱਲੋਂ ਕੀਤੀਆਂ ਗਈਆਂ ਵੱਖ-ਵੱਖ ਗਤੀਵਿਧੀਆਂ ਅਤੇ ਸਮਾਜਿਕ ਕਾਰਜਾਂ ਦੀ ਵਿਸਤ੍ਰਿਤ ਰਿਪੋਰਟ ਪੜ੍ਹ ਕੇ ਸੁਣਾਈ। ਇਸ ਮੌਕੇ ਕਾਠਗੜ੍ਹ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਚੇਅਰਮੈਨ ਸਤੀਸ਼ ਕੁਮਾਰ ਅਤੇ ਪੋਜੇਵਾਲ ਤੋਂ ਤਰਸੇਮ ਕਟਾਰੀਆ ਨੇ ਮੀਟਿੰਗ ਵਿੱਚ ਹਾਜ਼ਰ ਹੋਏ ਸਮੂਹ ਮਹਿਮਾਨਾਂ ਅਤੇ ਪੱਤਰਕਾਰ ਭਾਈਚਾਰੇ ਦਾ ਨਿੱਘਾ ਸਵਾਗਤ ਕੀਤਾ।
ਇਸ ਵਿਸ਼ੇਸ਼ ਮੀਟਿੰਗ ਵਿੱਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਨਵ-ਨਿਯੁਕਤ ਯੂਥ ਕਾਂਗਰਸ ਪ੍ਰਧਾਨ ਇੰਜ. ਹਿਤਰਾਜ ਜੰਡੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਿਨ੍ਹਾਂ ਦੇ ਨਾਲ ਵਿਸ਼ੇਸ਼ ਤੌਰ 'ਤੇ ਅਭਿਸ਼ੇਕ ਰਾਣਾ, ਰਵੀ ਰਾਣਾ ਅਤੇ ਸ਼ੈਂਟੀ ਰਾਣਾ ਵੀ ਮੌਜੂਦ ਸਨ।
ਜ਼ਿਕਰਯੋਗ ਹੈ ਕਿ ਚੰਡੀਗੜ੍ਹ ਤੋਂ ਐਮ.ਟੈਕ ਅਤੇ ਪੰਜਾਬ ਯੂਨੀਵਰਸਿਟੀ ਪਟਿਆਲਾ ਤੋਂ ਐਲ.ਐਲ.ਬੀ. ਦੀ ਉੱਚ ਵਿੱਦਿਆ ਪ੍ਰਾਪਤ ਇੰਜੀਨੀਅਰ ਹਿਤਰਾਜ ਜੰਡੀ ਨੈਸ਼ਨਲ ਸਟੂਡੈਂਟ ਯੂਨੀਅਨ ਆਫ ਇੰਡੀਆ ਦੇ ਮੈਂਬਰ, ਯੂਥ ਕਾਂਗਰਸ ਪੰਜਾਬ ਦੇ ਜਨਰਲ ਸਕੱਤਰ ਅਤੇ ਜ਼ਿਲ੍ਹੇ



ਦੇ ਜਨਰਲ ਸਕੱਤਰ ਵਜੋਂ ਸ਼ਾਨਦਾਰ ਸੇਵਾਵਾਂ ਨਿਭਾ ਚੁੱਕੇ ਹਨ, ਜਿਨ੍ਹਾਂ ਨੇ ਪਿਛਲੇ ਦਿਨੀਂ ਜ਼ਿਲ੍ਹਾ ਯੂਥ ਕਾਂਗਰਸ ਦੀ ਚੋਣ ਜਿੱਤ ਕੇ ਜ਼ਿਲ੍ਹਾ ਪ੍ਰਧਾਨ ਵਜੋਂ ਕਮਾਨ ਸੰਭਾਲੀ ਹੈ।

**ਸੱਚਾਈ ਸਾਹਮਣੇ ਲਿਆ ਕੇ ਨੌਜਵਾਨੀ ਨੂੰ ਕੁਰਾਹੇ ਪੈਣ ਤੋਂ ਬਚਾਵੇ ਪ੍ਰੈਸ: ਹਿੱਤਰਾਜ ਜੰਡੀ**

ਮੀਟਿੰਗ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਹਿੱਤਰਾਜ ਜੰਡੀ ਨੇ ਪ੍ਰੈਸ ਕਲੱਬ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਪ੍ਰੈਸ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਪ੍ਰੈਸ ਸਮਾਜ ਅਤੇ ਲੋਕਤੰਤਰ ਦਾ ਚੌਥਾ ਸਤੰਭ ਹੈ। ਉਨ੍ਹਾਂ ਸਮੂਹ ਪੱਤਰਕਾਰ ਭਾਈਚਾਰੇ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਹਰ ਖ਼ਬਰ ਅਤੇ ਕੰਮ ਦੀ ਸਚਾਈ ਨੂੰ ਦੇਖ ਕੇ ਅਖਬਾਰਾਂ ਅਤੇ ਚੈਨਲਾਂ ਰਾਹੀਂ ਲੋਕਾਂ ਤੱਕ ਪਹੁੰਚਾਉਣ, ਤਾਂ ਜੋ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਅਤੇ ਕੁਰਾਹੇ ਤੋਂ ਬਚਾ ਕੇ ਸਹੀ ਰਸਤੇ 'ਤੇ ਪਾਇਆ ਜਾ ਸਕੇ। ਜੇਕਰ ਸਾਡਾ ਨੌਜਵਾਨ ਵਰਗ ਸਹੀ ਦਿਸ਼ਾ ਵੱਲ ਵਧੇਗਾ, ਤਾਂ ਹੀ ਸਾਡਾ ਦੇਸ਼, ਸਮਾਜ ਅਤੇ ਪਰਿਵਾਰ ਤਰੱਕੀ ਕਰ ਸਕੇਗਾ। ਇਸ ਲਈ ਨੌਜਵਾਨੀ ਨੂੰ ਸਹੀ ਰਸਤੇ ਪਾਉਣ ਲਈ ਸੱਚਾਈ ਨੂੰ ਸਾਹਮਣੇ ਲਿਆਉਣਾ ਬਹੁਤ ਜ਼ਰੂਰੀ ਹੈ।
ਇਸ ਅਹਿਮ ਮੌਕੇ 'ਤੇ ਕਲੱਬ ਦੇ ਦਾਇਰੇ ਨੂੰ ਹੋਰ ਵਧਾਉਂਦੇ ਹੋਏ ਪੋਜੇਵਾਲ ਤੋਂ ਜਸਵੀਰ ਸਿੰਘਪੁਰੀ ਨੇ ਕਲੱਬ ਦੀ ਨਵੀਂ ਮੈਂਬਰਸ਼ਿਪ ਗ੍ਰਹਿਣ ਕੀਤੀ, ਜਿਨ੍ਹਾਂ ਦਾ ਕਲੱਬ ਦੀ ਸਮੁੱਚੀ ਲੀਡਰਸ਼ਿਪ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੀਟਿੰਗ ਵਿੱਚ ਪੱਤਰਕਾਰ ਭਾਈਚਾਰੇ ਵਿੱਚੋਂ ਜਤਿੰਦਰ ਪਾਲ ਸਿੰਘ ਕਲੇਰ ਕਲੇਰ, ਜਸਵਿੰਦਰ ਬੈਂਸ, ਸਤਨਾਮ ਚਾਹਲ, ਉਮੇਸ਼ ਜੋਸ਼ੀ, ਸ਼ੇਰਜੰਗ ਰਾਣਾ, ਸਮਰਦੀਪ ਸਿੰਘ, ਸੋਨਾ ਪੰਡਿਤ ਅਤੇ ਸੁਰਜੀਤ ਸਿੰਘ ਕੰਗਣਾ ਬੇਟ ਸਮੇਤ ਕਈ ਹੋਰ ਪ੍ਰਮੁੱਖ ਸ਼ਖਸੀਅਤਾਂ ਤੇ ਪਤਵੰਤੇ ਸੱਜਣ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

# ਵੋਹ ਸਤੱਤਰ ਦਿਨ (ਭਾਗ-9)

ਆਪਣੇ ਇਹਨਾਂ ਸਤੱਤਰ ਦਿਨਾਂ ਦੇ ਹੁਸੀਨ ਸਫ਼ਰ ਅਤੇ ਅਨਮੋਲ ਯਾਦਾਂ ਨੂੰ ਲਿਖਣ ਵੇਲੇ ਮੈਂ ਇਹ ਫੈਸਲਾ ਕੀਤਾ ਸੀ ਕਿ ਜੋ ਕੁਝ ਨਵਾਂ ਵੇਖਿਆ ਉਸਨੂੰ ਤਾਂ ਪਹਿਲਾਂ ਹੀ ਬਿਆਨ ਕਰ ਦਿੱਤਾ ਹੈ, ਪਰ ਜੋ ਕੁਝ ਦਿਲ ਨੇ ਮਹਿਸੂਸ ਕੀਤਾ ਉਸਨੂੰ ਕਿਸ਼ਤਾਂ ਵਿੱਚ ਲਿਖਾਂਗਾ।
ਬਹੁਤ ਸਾਰੇ ਯਾਰ ਦੋਸਤ "ਇੱਥੇ" ਅਤੇ "ਉੱਥੇ" ਦਾ ਫਰਕ ਪੁੱਛਦੇ ਹਨ। ਜੋ ਮੈਂ ਮਹਿਸੂਸ ਕੀਤਾ ਉਹ ਸਿਰਫ਼ ਪੌਣ ਪਾਣੀ ਦਾ ਫਰਕ ਨਹੀਂ, ਸਗੋਂ ਪੂਰੇ ਸਿਸਟਮ ਦਾ ਫਰਕ ਹੈ।
ਇਹਨਾਂ ਸਤੱਤਰ ਦਿਨਾਂ ਵਿੱਚ ਮੈਂ ਸਿਰਫ਼ ਦੋ ਵਾਰ ਹੀ ਗੱਡੀ ਦਾ ਹਾਰਨ ਸੁਣਿਆ, ਕਿਉਂਕਿ ਅਸੀਂ ਜਿੱਥੇ ਵੀ ਜਾਂਦੇ ਸੀ ਮੈਂ ਅਕਸਰ ਮੂਹਰਲੀ ਸੀਟ 'ਤੇ ਬੈਠਦਾ ਸੀ। ਇੱਕ ਦਿਨ ਜਦੋਂ ਅਸੀਂ ਮਡਬਰੀ ਗੁਰਦੁਆਰੇ ਤੋਂ ਵਾਪਸ ਆ ਰਹੇ ਸੀ ਤਾਂ ਇੱਕ ਪੰਜਾਬੀ ਨੇ ਗੱਡੀ ਪਾਰਕਿੰਗ ਤੋਂ ਸਿੱਧੀ ਹੀ ਉਤਾਰ ਲਈ। ਉਹ ਸਾਡੀ ਸਹੀ ਦਿਸ਼ਾ ਵੱਲ ਆਉਂਦੀ ਗੱਡੀ ਨਾਲ ਟਕਰਾਉਣ ਹੀ ਵਾਲੀ ਸੀ। ਮੈਂ ਡਰ ਗਿਆ। ਪਰ ਬੇਟੇ ਨੇ ਸਿਰਫ਼ ਲੰਮਾ ਹਾਰਨ ਮਾਰਿਆ। ਮੈਂ ਬੇਟੇ ਨੂੰ ਕਿਹਾ "ਗੱਡੀ ਰੋਕ ਕੇ ਉਸ ਨਾਲ ਗੱਲ ਕਰ।" ਬੇਟਾ ਮੁਸਕਰਾ ਕੇ ਕਹਿੰਦਾ "ਪਾਪਾ, ਮੇਰਾ ਹਾਰਨ ਵਜਾਉਣਾ ਹੀ ਉਸਨੂੰ ਗਾਲ੍ਹ ਕੱਢਣ ਦੇ ਬਰਾਬਰ ਹੈ। ਉੱਥੇ ਮਾਂ ਭੈਣ ਇੱਕ ਕਰਨ ਨਾਲੋਂ ਹਾਰਨ ਵਜਾਉਣਾ ਹੀ ਕਾਫੀ ਹੈ।"
ਦੂਸਰੇ ਦਿਨ ਅਸੀਂ ਆਪਣੇ ਸਹੀ ਰਸਤੇ ਜਾ ਰਹੇ ਸੀ। ਬੇਟਾ ਮੈਨੂੰ ਗੱਡੀ ਬਾਰੇ ਕੁਝ ਸਮਝਾ ਰਿਹਾ ਸੀ। ਪਿੱਛੋਂ ਇੱਕ ਗੱਡੀ ਨੇ ਹਾਰਨ ਮਾਰਿਆ। ਮੈਂ ਪੁੱਛਿਆ "ਹੁਣ ਸਾਡਾ ਕੀ ਕਸੂਰ ਹੈ?" ਬੇਟਾ ਹੱਸ ਕੇ ਕਹਿੰਦਾ "ਡੈਡੀ ਜੀ, ਗੱਲਾਂ ਗੱਲਾਂ ਵਿੱਚ ਸਾਡੀ ਗੱਡੀ ਦੀ ਸਪੀਡ ਥੋੜ੍ਹੀ ਹੌਲੀ ਹੋ ਗਈ ਸੀ। ਇਸ ਲਈ ਪਿੱਛੇ ਵਾਲਿਆਂ ਨੂੰ ਪਰੇਸ਼ਾਨੀ ਹੋਈ, ਉਨ੍ਹਾਂ ਨੇ ਹਾਰਨ ਮਾਰ ਕੇ ਰੋਸ ਜ਼ਾਹਿਰ ਕੀਤਾ ਹੈ।"



ਗੱਲ ਸਮਝਣ ਵਾਲੀ ਹੈ। ਉੱਥੇ ਜੇ ਗ੍ਰੀਨ ਲਾਈਟ ਹੈ ਤਾਂ ਲੋਕ ਮੋੜ ਤੋਂ ਵੀ ਪੂਰੀ ਸਪੀਡ ਨਾਲ ਗੱਡੀ ਮੋੜ ਲੈਂਦੇ ਹਨ। ਨਹੀਂ ਤਾਂ ਹਰ ਮੋੜ 'ਤੇ ਰੁਕ ਕੇ ਦੋਵੇਂ ਪਾਸੇ ਵੇਖ ਕੇ ਹੀ ਗੱਡੀ ਮੋੜਦੇ ਹਨ। ਆਪਣੇ ਵਾਂਗ ਕਿਸੇ ਦੇ ਕੰਨ ਨਾਲ ਮੋਬਾਈਲ ਨਹੀਂ ਲੱਗਾ ਹੁੰਦਾ। ਕੋਈ ਕਿਸੇ ਦੇ ਘਰ ਵੀ ਬਿਨਾਂ ਅਪਾਇੰਟਮੈਂਟ ਦੇ ਨਹੀਂ ਜਾਂਦਾ। ਹਰ ਬੰਦੇ ਦਾ ਹਫਤੇ ਦਾ ਸ਼ਡਿਊਲ ਪਹਿਲਾਂ ਤੋਂ ਤੈਅ ਹੁੰਦਾ ਹੈ। ਪਾਨ ਦੀ ਪੀਕ ਸੁੱਟਣਾ ਤਾਂ ਦੂਰ, ਕੋਈ ਥੁੱਕ ਵੀ ਨਹੀਂ ਸੁੱਟਦਾ। ਇੱਕ ਦਿਨ ਮੇਰੇ ਮੂੰਹ ਵਿੱਚ ਕਿਸੇ ਫਲ ਦਾ ਗੁੱਦਾ ਸੀ ਜਿਸਨੂੰ ਮੈਂ ਸੁੱਟਣਾ ਚਾਹੁੰਦਾ ਸੀ। ਮੈਂ ਕਾਫੀ ਦੇਰ ਤੱਕ ਹੱਥ ਵਿੱਚ ਫੜੀ ਰੱਖਿਆ ਅਤੇ ਫਿਰ ਕਿਸੇ ਡਸਟਬਿਨ ਵਿੱਚ ਜਾ ਕੇ ਸੁੱਟਿਆ। ਉੱਥੇ ਕੰਧਾਂ ਨਾਲ ਪਿਸ਼ਾਬ ਕਰਨ ਦੀ ਸੁਵਿਧਾ ਨਹੀਂ ਹੈ। ਬਾਹਰ ਖੁੱਲ੍ਹੇ ਵਿੱਚ ਰਫਾ ਹਾਜ਼ਤ ਦੀ ਗੱਲ ਤਾਂ ਸੋਚ ਵੀ ਨਹੀਂ ਸਕਦੇ।ਜ਼ਿਆਦਾਤਰ ਸੜਕਾਂ ਦੀ ਮੁਰੰਮਤ ਰਾਤ ਨੂੰ ਹੁੰਦੀ ਹੈ ਅਤੇ ਉਸਦੀ ਸੂਚਨਾ ਹਫਤਾ ਪੰਦਰਾਂ ਦਿਨ ਪਹਿਲਾਂ ਦੇ ਦਿੱਤੀ ਜਾਂਦੀ ਹੈ। ਰੂਟ ਡਾਈਵਰਟ ਕਰ ਦਿੱਤੇ ਜਾਂਦੇ ਹਨ।



ਅਸੀਂ ਬਾਹਰ ਦੂਰ ਤੱਕ ਵੱਡੇ ਵੱਡੇ ਖਾਲੀ ਖੇਤ ਵੇਖੇ। ਉੱਥੇ ਲੱਗਿਆ ਘਾਹ ਵੀ ਇੰਜ ਚਮਕਦਾ ਸੀ ਜਿਵੇਂ ਤਾਜ਼ਾ ਕੱਟਿਆ ਹੋਵੇ। ਜਦੋਂ ਘਰੋਂ ਪਿਆਰ ਮਿਲਦਾ ਸੀ ਅਤੇ ਬਾਹਰ ਮਨ ਨੂੰ ਖੁਸ਼ੀ ਮਿਲਦੀ ਸੀ, ਤਾਂ ਮੂਡ ਦਾ ਫਰੈਸ਼ ਰਹਿਣਾ ਲਾਜ਼ਮੀ ਸੀ। ਹਾਂ, ਇੱਕ ਕਮੀ ਜ਼ਰੂਰ ਹੈ। ਉੱਥੇ ਇਲਾਜ ਦੀ ਸਹੂਲਤ ਸੌਖੀ ਨਹੀਂ। ਐਮਰਜੈਂਸੀ ਵਿੱਚ ਵੀ ਮੁਸ਼ਕਲ ਆ ਜਾਂਦੀ ਹੈ। ਡਾਕਟਰ ਦੀ ਅਪਾਇੰਟਮੈਂਟ ਹੀ ਨਹੀਂ ਮਿਲਦੀ। ਸਭ ਕੁਝ ਬੀਮੇ ਨਾਲ ਚੱਲਦਾ ਹੈ। ਪ੍ਰਾਈਵੇਟ ਇਲਾਜ ਬਹੁਤ ਔਖਾ ਅਤੇ ਮਹਿੰਗਾ ਹੈ। ਇਲਾਜ ਦੇ ਮਾਮਲੇ ਵਿੱਚ ਇੰਡੀਆ ਨੰਬਰ ਵਨ ਹੈ। ਹਾਂ, ਮਹਿੰਗਾ ਜ਼ਰੂਰ ਹੈ। ਪਰ ਜਿਹੜੀ ਮਰਜ਼ੀ ਦਵਾਈ ਤੁਸੀਂ ਖਰੀਦ ਲਵੋ, ਕੋਈ ਪਾਬੰਦੀ ਨਹੀਂ। ਦਵਾਈਆਂ ਦਾ ਧੰਦਾ ਵੀ ਹੈ ਅਤੇ ਲੁੱਟ ਵੀ ਹੈ। ਸ਼ਾਨਦਾਰ ਹਸਪਤਾਲ ਹਨ। ਫਿਰ ਪਤਾ ਨਹੀਂ ਸਾਡੇ ਲੀਡਰ ਬਾਹਰਲੇ ਮੁਲਕਾਂ ਵਿੱਚ ਇਲਾਜ ਕਰਾਉਣ ਕਿਉਂ ਜਾਂਦੇ ਹਨ।
ਆਸਟਰੇਲੀਆ ਵਿੱਚ ਬਹੁਤ ਸਾਰੀਆਂ ਆਮ ਦਵਾਈਆਂ ਵੀ ਬਿਨਾਂ ਪਰਚੀ ਦੇ ਨਹੀਂ ਮਿਲਦੀਆਂ। ਟੈਸਟ ਲੈਬ ਦੀਆਂ ਰਿਪੋਰਟਾਂ ਸਿੱਧੀਆਂ ਸਬੰਧਿਤ ਡਾਕਟਰ ਕੋਲ ਜਾਂਦੀਆਂ ਹਨ। ਬਿਨਾਂ ਡਾਕਟਰ ਦੀ ਪਰਚੀ ਤੋਂ ਤੁਸੀਂ ਕੋਈ ਟੈਸਟ ਵੀ ਨਹੀਂ ਕਰਵਾ ਸਕਦੇ। ਹਾਂ, ਉੱਥੇ ਬੱਚੇ ਦਾ ਲਿੰਗ ਨਿਰਧਾਰਨ ਟੈਸਟ 'ਤੇ ਕੋਈ ਪਾਬੰਦੀ ਨਹੀਂ। ਲੜਕਾ ਲੜਕੀ ਦਾ ਫਰਕ ਨਹੀਂ ਸਮਝਿਆ ਜਾਂਦਾ। ਆਪਣੇ ਇੰਡੀਆ ਵਾਂਗ ਲੋਕ ਗਰਭਪਾਤ ਨਹੀਂ ਕਰਾਉਂਦੇ। ਅਸੀਂ ਧਾਰਮਿਕ ਹੋਣ ਦੇ ਬਾਵਜੂਦ ਵੀ ਕੰਨਿਆ ਭਰੂਣ ਹੱਤਿਆ ਕਰਦੇ ਹਾਂ। ਇਸ ਲਈ ਇੱਥੋਂ ਦਾ ਕਾਨੂੰਨ ਅਤੇ ਸਰਕਾਰਾਂ ਸਖਤ ਹਨ। ਪਰ ਫਿਰ ਵੀ ਕੀ ਇਹ ਟੈਸਟ ਹੋਣੇ ਰੁੱਕ ਗਏ ਹਨ?

**ਰਮੇਸ਼ ਸੇਠੀ "ਬਾਦਲ"**
**ਸੰਪਰਕ: 9876627233**

# ਧੀਆਂ ਦੇ ਤਿਉਹਾਰ ਤੀਆਂ ਦਾ ਬਦਲਿਆ ਰੂਪ

ਪੰਜਾਬ ਦੇ ਲੋਕ-ਜੀਵਨ ਵਿੱਚ ਤੀਆਂ ਤੀਜ ਦੀਆਂ ਦਾ ਤਿਉਹ-ਾਰ ਬਹੁਤ ਹੀ ਖ਼ੁਸ਼ੀ, ਉਤਸ਼ਾਹ ਅਤੇ ਸੱਭਿਆਚਾਰਕ ਮਹੱਤਤਾ ਵਾਲਾ ਤਿਉਹਾਰ ਹੈ। ਇਹ ਤਿਉਹਾਰ ਕੁਦਰਤ ਦੀ ਹਰਿਆਵਲੀ, ਰਿਮਝਿਮ ਬਰਸਾਤ, ਪੀਂਘਾਂ ਅਤੇ ਮੁਟਿਆਰਾਂ ਦੀਆਂ ਖਿੜੀਆਂ ਮੁਸਕਾਨਾਂ ਨਾਲ ਜੁੜਿਆ ਹੋਇਆ ਤਿਉਹਾਰ ਹੈ। ਇਸ ਤਿਉਹਾਰ ਦੀ ਅਸਲ ਰੂਹ ਲੋਕ-ਗੀਤਾਂ ਵਿੱਚ ਵੱਸਦੀ ਹੈ। ਤੀਆਂ ਦੇ ਗੀਤਾਂ ਵਿੱਚ ਧੀਆਂ-ਭੈਣਾਂ ਦੀਆਂ ਭਾਵਨਾਵਾਂ, ਪਿਆਰ, ਵਿਛੋੜਾ, ਹਾਸਾ-ਮਜ਼ਾਕ, ਰਿਸ਼ਤਿਆਂ ਦੀ ਮਿਠਾਸ ਅਤੇ ਪੰਜਾਬੀ ਜੀਵਨ ਦੀ ਸਾਦਗੀ ਬੜੇ ਹੀ ਸੁੰਦਰ ਢੰਗ ਨਾਲ ਪ੍ਰਗਟ ਹੁੰਦੀ ਹੈ।

ਧੀਆਂ ਦੀ ਜੀਵਨਸ਼ੈਲੀ ਬਦਲੀ ਤਾਂ ਤੀਆਂ ਵੀ ਬਦਲੀਆਂ। ਵੈਸੇ ਤਾਂ ਸਮੇਂ ਦੇ ਨਾਲ ਨਾਲ ਸਭ ਕੁਝ ਬਦਲਦਾ ਰਹਿੰਦਾ ਹੈ। ਉਂਝ ਕਿਹਾ ਵੀ ਜਾਂਦਾ ਹੈ ਕਿ ਵਕਤ ਦਾ ਸੰਗੀ ਬਣਨਾ ਪ੍ਰਗਤੀ ਦੀ ਨਿਸ਼ਾਨੀ ਹੁੰਦੀ ਹੈ । ਜੇ ਦੇਖਿਆ ਜਾਵੇ ਤਾਂ ਸਮੇਂ ਨੇ ਬਦਲਣ ਵਾਲੀ ਰਫ਼ਤਾਰ ਬਹੁਤ ਤੇਜ਼ ਫੜੀ ਹੋਈ ਹੈ, ਹੁਣ ਤਾਂ ਇਸ ਦੇ ਨਾਲ ਨਾਲ ਭੱਜਣਾ ਪੈ ਰਿਹਾ ਹੈ। ਭੱਜਦੇ ਭੱਜਦੇ ਬਹੁਤ ਕੁਝ ਪਿੱਛੇ ਛੁੱਟਦਾ ਜਾ ਰਿਹਾ ਹੈ ਤੇ ਬਹੁਤ ਕੁਝ ਪੁਰਾਣਾ ਧੁੰਦਲਾ ਧੁੰਦਲਾ ਜਿਹਾ ਹੋ ਰਿਹਾ ਹੈ। ਬਹੁਤ ਕੁਝ ਫਿਰ ਵੀ ਨਾਲ਼ ਨਾਲ਼ ਚੱਲ ਰਿਹਾ ਹੈ। ਸਾਡਾ ਰਹਿਣ ਸਹਿਣ ਬਦਲਿਆ, ਸੁਭਾਅ ਬਦਲੇ, ਸੋਚ ਬਦਲੀ, ਸੰਸਕਾਰ ਬਦਲੇ,ਕੰਮ ਕਾਜ ਬਦਲੇ, ਰਿਵਾਜ ਬਦਲੇ, ਦਿਨ ਬਦਲੇ , ਤਿਉਹਾਰ ਬਦਲੇ ਮਤਲਬ ਕਿ ਮੁੱਢ ਕਦੀਮ ਤੋਂ ਹੀ "ਅੱਜ" ਵਿੱਚ ਪ੍ਰਵੇਸ਼ ਹੁੰਦਿਆਂ ਹੀ ਅੱਜ ਦੀ ਦੁਨੀਆਂ ਰੰਗਲੀ ਰੰਗਲੀ ਜਾਪਣ ਲੱਗਦੀ ਹੈ। ਹਰ ਤਿਉਹਾਰ ਨੂੰ ਮਨਾਉਣ ਦੇ ਤਰੀਕੇ ਬਦਲ ਰਹੇ ਹਨ। ਵਿਸ਼ਵੀਕਰਨ ਹੋਣ ਕਰਕੇ ਸਾਡੇ ਪ੍ਰਚਲਿਤ ਤਿਉਹਾਰਾਂ ਉੱਪਰ ਵੀ ਪੱਛਮੀ ਸੱਭਿਅਤਾ ਦਾ ਰੰਗ ਤੇਜ਼ੀ ਨਾਲ ਚੜ੍ਹ ਰਿਹਾ ਹੈ।

ਪੰਜਾਬੀ ਸੱਭਿਆਚਾਰ ਵਿੱਚ ਸਾਉਣ ਮਹੀਨੇ ਦੀ ਖਾਸ ਵਿਸ਼ੇਸ਼ਤਾ ਹੈ। ਸਾਉਣ ਦਾ ਮਹੀਨਾ ਸ਼ੁਰੂ ਹੁੰਦਿਆਂ ਹੀ ਜਿੱਥੇ ਜੇਠ ਹਾੜ ਦੀਆਂ ਧੁੱਪਾਂ ਤੋਂ ਰਾਹਤ ਪਾਉਂਦੀਆਂ ਕਾਲ਼ੀਆਂ ਘਟਾਵਾਂ, ਕਣੀਆਂ ਦੀ ਕਿਣ-ਮਿਣ, ਧਰਤੀ ਉੱਤੇ ਹਰਿਆਵਲ ਤੇ ਰੌਣਕ ਜਿਹੀ ਦਿਸਦੀ ਹੈ ਉੱਥੇ ਹੀ ਮਨ ਵਿੱਚ ਵੱਖਰਾ ਹੀ ਸਰੂਰ ਤੇ ਆਨੰਦ ਜਿਹਾ ਜਿਹਾ ਆਉਂਦਾ ਹੈ। ਘਰ ਦੀਆਂ ਰੌਣਕਾਂ, ਧੀਆਂ ਅਤੇ ਨੂੰਹਾਂ ਦੇ ਮਨਾਂ ਵਿੱਚ ਚਾਅ ਉਮੰਗ ਉਮੜਦੇ ਹਨ, ਪੇਕਿਆਂ ਵੱਲੋਂ ਵਿਆਹੀਆਂ ਧੀਆਂ ਨੂੰ ਸੰਧਾਰੇ ਵਿੱਚ ਬਿਸਕੁਟ , ਮਠਿਆਈਆਂ ਅਤੇ ਕੱਪੜੇ ਆਦਿ ਦੇਣ ਦਾ ਸ਼ਗਨ,ਕੁਆਰੀਆਂ ਕੁੜੀਆਂ ਵੱਲੋਂ ਹੱਥਾਂ ਤੇ ਮਹਿੰਦੀ ਰਚਾ ਕੇ ਤੇ ਰੰਗ ਬਿਰੰਗੀਆਂ ਵੰਗਾਂ ਚੜਾਉਣ ਦਾ ਚਾਅ, ਵਿਆਹੀਆਂ ਵੱਲੋਂ ਪੇਕੇ ਘਰ ਜਾ ਕੇ ਆਪਣੀਆਂ ਸਖ਼ੀਆਂ ਨੂੰ ਮਿਲਣ ਦੀ ਤਾਂਘ ਚਾਰੇ ਪਾਸੇ ਖੁਸ਼ੀਆਂ ਦਾ ਵਾਤਾਵਰਨ ਪੈਦਾ ਕਰ ਦਿੰਦੀ ਹੈ। ਤੀਆਂ ਦਾ ਤਿਓਹਾਰ ਸਾਉਣ ਮਹੀਨੇ ਦੀ ਚਾਨਣ ਪੱਖ ਦੀ ਤੀਜ ਤੋਂ ਸ਼ੁਰੂ ਹੋ ਕੇ ਸਾਰਾ ਮਹੀਨਾ ਚੱਲਣ ਵਾਲਾ ਕੁੜੀਆਂ ਦਾ ਤਿਓਹਾਰ ਹੈ। ਪਹਿਲਿਆਂ ਸਮਿਆਂ ਵਿੱਚ ਧੀਆਂ ਧਿਆਣੀਆਂ ਨੂੰ ਸਾਉਣ ਮਹੀਨੇ ਦੀ ਉਡੀਕ ਰਹਿੰਦੀ ਸੀ ਪਰ ਹੁਣ ਜ਼ਮਾਨਾ ਬਦਲ ਗਿਆ ਹੈ, ਧੀਆਂ ਵਿਦੇਸ਼ਾਂ ਵੱਲ ਨੂੰ ਤੁਰ ਪਈਆਂ ਹਨ,ਇੱਥੇ ਰਹਿੰਦੀਆਂ ਧੀਆਂ ਉੱਤੇ ਵੀ ਪੱਛਮੀ ਸੱਭਿਅਤਾ ਦਾ ਰੰਗ ਚੜ੍ਹ ਗਿਆ ਹੈ। ਪਦਾਰਥਵਾਦੀ ਯੁੱਗ ਹੋਣ ਕਰਕੇ ਲੋਕਾਂ ਵਿੱਚੋਂ ਪਿਆਰ ਦੀ ਖਿੱਚ ਘਟ ਰਹੀ ਹੈ, ਨਵੀਂ ਸੱਭਿਅਤਾ ਦੇ ਪ੍ਰਭਾਵ ਹੇਠ ਪੁਰ-ਾਣੇ ਰੀਤੀ ਰਿਵਾਜਾਂ ਦਾ ਕਤਲ ਹੋ ਰਿਹਾ ਹੈ,ਜਿਸ ਕਰਕੇ ਤੀਆਂ ਦਾ ਰੰਗ ਵੀ ਕੁਝ ਫਿੱਕਾ ਪੈਂਦਾ ਜਾ ਰਿਹਾ ਹੈ। ਪਿੰਡਾਂ ਵਿੱਚ ਪਿੱਪਲਾਂ ਬੋਹੜਾਂ ਥੱਲੇ ਇਕੱਠੇ ਹੋਣ ਦੀ ਰੀਤ ਲਗਭਗ ਅਲੋਪ ਹੋ ਰਹੀ ਹੈ ਜਿਸ ਕਰਕੇ ਪਿੰਡਾਂ ਦੇ ਪਿੜਾਂ ਵਿੱਚ ਤੀਆਂ ਦੇ ਗਿੱਧਿਆਂ ਤੇ ਕੁੜੀਆਂ ਦੀਆਂ ਵੰਗਾਂ ਦੀ ਛਣਕਾਹਟ ਪੈਣ ਦੀ ਥਾਂ ਹੁਣ ਇਹ ਤੀਆਂ ਸਕੂਲਾਂ, ਕਾਲਜਾਂ ਜਾਂ ਸਮਾਜ ਸੇਵੀ ਸੰਸਥਾਵਾਂ ਦੀਆਂ ਸਟੇਜਾਂ ਉੱਤੇ ਇੱਕ ਅੱਧੇ ਘੰਟੇ ਦਾ ਰੌਣਕ ਮੇਲਾ ਬਣਕੇ ਰਹਿ ਗਿਆ ਹੈ । ਇਸ ਵਿੱਚ ਵੀ ਬਹੁਤਾ ਕਰਕੇ ਅਖ਼ਬਾਰਾਂ, ਟੈਲੀਵਿਜ਼ਨ ਤੇ ਤੀਆਂ ਮਨਾਉਣ ਦੀਆਂ ਫੋਟੋਆਂ ਛਪਵਾਉਣ ਤੇ ਜ਼ਿਆਦਾ ਜ਼ੋਰ ਲਾ ਦਿੱਤਾ ਜਾਂਦਾ ਹੈ। ਸਕੂਲਾਂ ਕਾਲਜਾਂ ਵਿੱਚ ਵਪਾਰੀਕਰਨ ਵਧਣ ਕਾਰਨ ਇਸ ਨੂੰ ਸਿਰਫ਼ ਸੰਸਥਾ ਦੇ ਪ੍ਰਚਾਰ ਦੇ ਇੱਕ ਅਹਿਮ ਸਾਧਨ ਵਜੋਂ ਵਰਤਿਆ ਜਾਂਦਾ ਹੈ। ਇਹਨਾਂ ਵਿੱਚ ਤਿਉਹਾਰ ਦੀ ਅਹਿਮੀਅਤ ਤੇ ਘੱਟ ਜ਼ੋਰ ਦਿੱਤਾ ਜਾਂਦਾ ਹੈ ਤੇ ਸੰਸਥਾ ਦਾ ਨਾਂ ਮੋਟੇ ਅੱਖਰਾਂ ਵਿੱਚ ਛਪਵਾਉਣ ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ।

ਪੰਜਾਬੀ ਸੱਭਿਆਚਾਰ ਨੂੰ ਸੰਭਾਲਣ ਦੇ ਨਾਂ ਤੇ ਇਹ ਤਿਉਹਾਰ ਸ਼ਹਿਰਾਂ ਵਿੱਚ ਔਰਤਾਂ ਦੇ ਕਲੱਬਾਂ ਦੀ ਸ਼ਾਨ ਬਣ ਕੇ ਰਹਿ ਗਿਆ ਹੈ। ਅੱਜ ਦੀਆਂ ਔਰਤਾਂ ਸੋਹਲ ਹੋ ਚੁੱਕੀਆਂ ਹਨ।ਉਹ ਪਿੱਪਲਾਂ ਬੋਹੜਾਂ ਹੇਠ ਗਰਮੀ ਵਿੱਚ ਜਾਣ ਨਾਲੋਂ ਏਸੀਆਂ ਦੀਆਂ ਸਹੂਲਤਾਂ ਵਾਲੀਆਂ ਸਟੇਜਾਂ ਤੇ ਤੀਆਂ ਮਨਾਉਂਦੀਆਂ ਨਜ਼ਰ ਆਉਂਦੀਆਂ ਹਨ। ਬਹੁਤੀ ਜਗ੍ਹਾ ਤਾਂ ਡੀਜੇਆਂ ਤੇ ਰਿਕਾਰਡ ਕੀਤੀਆਂ ਬੋਲੀਆਂ ਉੱਪਰ ਨੱਚ ਟੱਪ ਕੇ ਹੀ ਉਸ ਨੂੰ ਤੀਆਂ ਦਾ ਨਾਂ ਦੇ ਕੇ ਵਾਹ ਵਾਹ ਖੱਟ ਲਈ ਜਾਂਦੀ ਹੈ। ਅੱਜ ਦੀਆਂ ਤੀਆਂ ਸਾਡੀਆਂ ਧੀਆਂ ਦੇ ਨਾਲ਼ ਨਾਲ਼ ਵਿਦੇਸ਼ਾਂ ਦੀਆਂ ਸਟੇਜਾਂ ਤੱਕ ਵੀ ਪਹੁੰਚ ਗਈਆਂ ਹਨ। ਜਿਸ ਵਿੱਚ ਪੰਜਾਬਣਾਂ ਦੇ ਸੁੰਦਰਤਾ ਦੇ ਮੁਕਾਬਲੇ, ਸਭਿਆਚਾਰ ਦੀ ਸੰਭਾਲ ਸਬੰਧੀ ਮੁਕਾਬਲੇ ਕਰਵਾਏ ਜਾਂਦੇ ਹਨ, ਜੇਤੂਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਵਿਦੇਸ਼ਾਂ ਤੋਂ ਆਉਂਦੀਆਂ ਅਖ਼ਬਾਰਾਂ ਜਾਂ ਖਬਰਾਂ ਵਿੱਚ ਉੱਥੋਂ ਦੀਆਂ ਤੀਆਂ ਦੀਆਂ ਤਸਵੀਰਾਂ ਵੀ ਸਾਉਣ ਮਹੀਨੇ ਹਰ ਰੋਜ਼ ਦੇਖਣ ਨੂੰ ਮਿਲਦੀਆਂ ਹੀ ਰਹਿੰਦੀਆਂ ਹਨ।

ਪਹਿਲਾਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਾਉਣ ਮਹੀਨੇ ਕੁੜੀਆਂ ਪਿੰਡ ਤੋਂ ਬਾਹਰ ਇਕੱਠੀਆਂ ਹੋ ਕੇ ਪੀਂਘਾਂ ਝੂਟਦੀਆਂ ਗਿੱਧਾ ਪਾਉਂਦੀਆਂ ਹੋਈਆਂ ਇੱਕ-ਦੂਜੀ ਨਾਲ ਦੁੱਖ ਸਾਂਝੇ ਕਰਦੀਆਂ ਸਨ। ਇਹੋ ਜਿਹੇ ਬੋਲਾਂ ਰਾਹੀਂ ਮਨੋਭਾਵ ਪ੍ਰਗਟ ਕਰਦੀਆਂ ਸਨ:-

ਆਉਂਦੀ ਕੁੜੀਏ ਜਾਂਦੀ ਕੁੜੀਏ, ਤੁਰਦੀ ਪਿਛਾਂਹ ਨੂੰ ਜਾਵੇਂ,
ਹੌਲੀ-ਹੌਲੀ ਪੈਰ ਪੱਟ ਲੈ, ਤੀਆਂ ਲੱਗੀਆਂ ਪਿੱਪਲ ਦੀ ਛਾਵੇਂ।

ਬਚਪਨ ਵਿੱਚ ਤੀਆਂ ਦਾ ਮਾਹੌਲ ਦੇਖਣ ਵਾਲੀਆਂ ਔਰਤਾਂ ਦੇ ਮਨ ਵਿੱਚ ਦੁਬਾਰਾ ਤੀਆਂ ‘ਤੇ ਜਾਣ ਦਾ ਚਾਅ ਉਮੜਦਾ ਹੈ, ਉਹ ਨਵੀਂ ਪੀੜ੍ਹੀ ਦੀਆਂ ਕੁੜੀਆਂ ਨਾਲ ਇਸ ਨੂੰ ਸਾਂਝਾ ਕਰਨੀਆਂ ਚਾਹੁੰਦੀਆਂ ਹਨ ਪਰ ਅੱਜ ਕੱਲ੍ਹ ਦੇ ਬੱਚਿਆਂ ਕੋਲ ਸਮੇਂ ਦੀ ਘਾਟ ਹੋਣ ਕਰਕੇ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਜੇ ਕਿਤੇ ਕਲੱਬਾਂ ਸੰਸਥਾਵਾਂ ਵਿੱਚ ਜਾ ਕੇ ਤੀਆਂ ਮਨਾਉਣ ਨਾਲੋਂ ਪਿੰਡਾਂ ਦੇ ਪਿੱਪਲਾਂ ਬੋਹੜਾਂ ਹੇਠ ਜਾ ਕੇ ਤੀਆਂ ਮਨਾਉਣ ਲਈ ਪ੍ਰੇਰਿਤ ਕਰਕੇ ਬਜ਼ੁਰਗਾਂ ਦੀਆਂ ਪਾਈਆਂ ਪਿਰਤਾਂ ਨੂੰ ਕਾਇਮ ਰੱਖਣ ਵਿੱਚ ਯੋਗਦਾਨ ਪਾਇਆ ਜਾਵੇ ਤਾਂ ਅਸੀਂ ਆਪਣੇ ਤੀਆਂ ਦੇ ਸੱਭਿਆਚਾਰਕ ਪਿਛੋਕੜ ਨੂੰ ਮੁੜ ਤੋਂ ਸੁਰਜੀਤ ਕਰ ਸਕਦੇ ਹਾਂ। ਫਿਰ ਵੀ ਤੀਆਂ ਮਨਾਉਣ ਦਾ ਚਾਅ ਤਾਂ ਹਰ ਇੱਕ ਔਰਤ ਅੰਦਰ ਮੌਜੂਦ ਹੈ ਇਹ ਗੱਲ ਵੱਖਰੀ ਹੈ ਕਿ ਮਨਾਉਣ ਦੇ ਢੰਗ ਤਰੀਕੇ ਬਦਲ ਗਏ ਹਨ ਜਿਸ ਕਰਕੇ ਇਹੋ ਜਿਹੀਆਂ ਬੋਲੀਆਂ ਸੁਣਨ ਨੂੰ ਵੀ ਕੰਨ ਤਰਸ ਗਏ ਹਨ ਜਿਨ੍ਹਾਂ ਰਾਹੀਂ ਤੀਆਂ ਦੇ ਤਿਉਹਾਰ ਨੂੰ ਮਨਾਉਣ ਲਈ ਇਕੱਠੀਆਂ ਹੋਈਆਂ ਕੁੜੀਆਂ ਦੇ ਇਕੱਠ ਤੋਂ ਲੈਕੇ ਵਿਛੜਨ ਤੱਕ ਦਾ ਭਾਵ ਪ੍ਰਗਟ ਕੀਤਾ ਜਾਂਦਾ ਸੀ ।

ਸਾਉਣ ਵੀਰ ਇਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।

ਤੀਆਂ ਦਾ ਤਿਉਹਾਰ ਪੰਜਾਬੀ ਸੱਭਿਆਚਾਰ ਦੀ ਜਿੰਦਜਾਨ ਹੈ ਅਤੇ ਗਿੱਧਾ ਤੇ ਬੋਲੀਆਂ ਇਸ ਦੀ ਰੂਹ ਹਨ, ਸਮੇਂ ਦੇ ਬਦਲਣ ਨਾਲ ਬਦਲਿਆ ਹੋਇਆ ਰੰਗ ਰੂਪ ਤਾਂ ਵੇਖਣ ਨੂੰ ਮਿਲ ਸਕਦਾ ਹੈ ਪਰ ਕਦੇ ਪੰਜਾਬੀਆਂ ਦੀ ਜ਼ਿੰਦਗੀ ਵਿੱਚੋਂ ਮਨਫੀ ਨਹੀਂ ਹੋ ਸਕਦਾ।



**ਬਰਜਿੰਦਰ ਕੌਰ ਬਿਸਰਾਓ...**
9988901324

# 37ਵੇਂ ਸਾਲਾਨਾ ਮੌਸ ਸਟਰੀਟ ਪੇਂਟ-ਇਨ ਨੇ ਵਿਕਟੋਰੀਆ ਨੂੰ ਰੰਗਾਂ ਨਾਲ ਰੰਗਿਆ


## ਹਜ਼ਾਰਾਂ ਲੋਕਾਂ ਨੇ ਕਲਾ ਪ੍ਰਦਰਸ਼ਨੀ ਦਾ ਲਿਆ ਆਨੰਦ, ਸੈਂਕੜੇ ਕਲਾਕਾਰਾਂ ਨੇ ਵਿਖਾਈ ਆਪਣੀ ਕਲਾ

**ਵੈਨਕੂਵਰ, 19 ਜੁਲਾਈ (ਮਲਕੀਤ ਸਿੰਘ)** - ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਵਿਕਟੋਰੀਆ ਵਿੱਚ ਆਯੋਜਿਤ 37ਵੇਂ ਸਾਲਾਨਾ ਮੌਸ ਸਟਰੀਟ ਆਰਟ ਗੈਲਰੀ ਪੇਂਟ-ਇਨ ਨੇ ਇੱਕ ਵਾਰ ਫਿਰ ਸ਼ਹਿਰ ਨੂੰ ਕਲਾ ਦੇ ਰੰਗਾਂ ਨਾਲ ਸਰਾਬੋਰ ਕਰ ਦਿੱਤਾ। ਇਸ ਲੋਕਪ੍ਰਿਯ ਸਮਾਗਮ ਵਿੱਚ ਹਜ਼ਾਰਾਂ ਲੋਕਾਂ ਨੇ ਸ਼ਮੂਲੀਅਤ ਕਰਕੇ ਸਥਾਨਕ ਅਤੇ ਸੂਬੇ ਭਰ ਤੋਂ ਪੁੱਜੇ ਕਲਾਕਾਰਾਂ ਦੀਆਂ ਰਚਨਾਵਾਂ ਦਾ ਆਨੰਦ ਮਾਣਿਆ। ਮੌਸ ਸਟਰੀਟ 'ਤੇ ਲੱਗੀ ਇਸ ਖੁੱਲ੍ਹੀ ਕਲਾ ਪ੍ਰਦਰਸ਼ਨੀ ਦੌਰਾਨ ਸੈਂਕੜੇ ਕਲਾਕਾਰਾਂ ਨੇ ਪੇਂਟਿੰਗ, ਡਰਾਇੰਗ ਅਤੇ ਹੋਰ ਕਲਾਤਮਕ ਰਚਨਾਵਾਂ ਦਾ ਪ੍ਰਦਰਸ਼ਨ ਕੀਤਾ। ਕਈ ਕਲਾਕਾਰਾਂ ਨੇ ਦਰਸ਼ਕਾਂ ਦੇ ਸਾਹਮਣੇ ਹੀ ਚਿੱਤਰ ਤਿਆਰ ਕਰਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ, ਜਿਸ ਨੇ ਸਮਾਗਮ ਦੀ ਖਿੱਚ ਹੋਰ ਵਧਾ ਦਿੱਤੀ। ਪਰਿਵਾਰਾਂ, ਸੈਲਾਨੀਆਂ ਅਤੇ ਕਲਾ-ਪ੍ਰੇਮੀਆਂ ਨਾਲ ਖਚਾਖਚ ਭਰੀਆਂ ਸੜਕਾਂ ਮੇਲੇ ਵਰਗਾ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਆਯੋਜਕਾਂ ਅਨੁਸਾਰ ਇਹ ਸਮਾਗਮ ਵਿਕਟੋਰੀਆ ਦੀ ਸਭ ਤੋਂ ਪ੍ਰਸਿੱਧ ਸੱਭਿਆਚਾਰਕ ਪਰੰਪਰਾਵਾਂ ਵਿੱਚੋਂ ਇੱਕ ਹੈ, ਜੋ ਸਥਾਨਕ ਕਲਾਕਾਰਾਂ ਨੂੰ ਆਪਣੀ ਕਲਾ ਲੋਕਾਂ ਤੱਕ ਪਹੁੰਚਾਉਣ ਲਈ ਵਿਲੱਖਣ ਮੰਚ ਪ੍ਰਦਾਨ ਕਰਦਾ ਹੈ।

for more news visit: .
www.samajweekly.com

# ਡਾ:ਭੀਮ ਰਾਓ ਅੰਬੇਦਕਰ ਅਤੇ ਬਾਬੂ ਕਾਂਸ਼ੀ ਰਾਮ ਦੇ ਜਨਮ ਦਿਨ ਨੂੰ ਸਮਰਪਿਤ ਸਰੀ 'ਚ ਸਮਾਗਮ ਆਯੋਜਿਤ

## ਸਿਆਸਤਦਾਨਾਂ,ਸਮਾਜਿਕ ਕਾਰਕੁਨਾਂ ਸਮੇਤ ਵੱਡੀ ਗਿਣਤੀ ਚ ਲੋਕਾਂ ਨੇ ਕੀਤੀ ਸ਼ਿਰਕਤ







ਸਮਾਗਮ ਦੀਆਂ ਵੱਖ ਵੱਖ ਤਸਵੀਰਾਂ।

**ਵੈਨਕੂਵਰ,ਜੁਲਾਈ (ਮਲਕੀਤ ਸਿੰਘ)–** ਡਾ:ਭੀਮ ਰਾਓ ਅੰਬੇਦਕਰ ਅਤੇ ਬਾਬੂ ਕਾਸ਼ੀ ਰਾਮ ਦੇ ਜਨਮ ਦਿਨ ਨੂੰ ਸਮਰਪਿਤ ਇੱਕ ਸਮਾਗਮ ਸਰੀ- ਡੈਲਟਾ ਰੋਡ ਤੇ ਸਥਿਤ ਮਹਾਰਾਣੀ ਬੈਂਕੁਟ ਹਾਲ ਵਿੱਚ ਵੱਡੇ ਪੱਧਰ ਤੇ ਕਰਵਾਇਆ ਗਿਆ ਸਮਾਗਮ ਦੇ ਸ਼ੁਰੂਆਤ ਵਿੱਚ ਐਸਰੋ ਦੇ ਪ੍ਰਧਾਨ ਰਸ਼ਪਾਲ ਭਾਰਦਵਾਜ ਵੱਲੋਂ ਐਸਰੋ ਸੰਸਥਾ ਸਬੰਧੀ ਚਾਨਣਾ ਪਾਇਆ ਗਿਆ ਇਸ ਮੌਕੇ ਤੇ ਮੁਖ ਮਹਿਮਾਨ ਵਜੋਂ ਪਹੁੰਚੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਅਤੇ ਤ੍ਰਿਸ਼ਨਮ ਸਿੰਘ ਵੱਲੋਂ ਮੋਮਬੱਤੀਆਂ ਜਗਾ ਕੇ ਸਮਾਗਮ ਦੀ ਰਸਮੀ ਸ਼ੁਰੂਆਤ ਕੀਤੀ ਗਈ ਉਪਰੰਤ ਆਪਣੀ ਸੰਖੇਪ ਤਕਰੀਰ ਦੌਰਾਨ ਬੋਲਦਿਆਂ ਕਰੀਮਪੁਰੀ ਨੇ ਪੰਜਾਬ ਦੀ ਮੌਜੂਦਾ ਆਪ ਸਰਕਾਰ ਨੀਤੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਇਸ ਸਰਕਾਰ ਦੀ ਕਾਰਜਸ਼ੈਲੀ ਤੋਂ ਪੂਰੀ ਤਰ੍ਹਾਂ ਅੱਕ ਚੁੱਕੇ ਹਨ ਅਤੇ ਹੁਣ ਇਸ ਦਾ ਬਦਲ ਚਾਹੁੰਦੇ ਹਨ ਉਨਾਂ ਵਿਦੇਸ਼ਾਂ 'ਚ ਵੱਸਦੇ ਪੰਜਾਬੀ ਭਾਈਚਾਰੇ ਦੇ ਲੋਕਾਂ ਨੂੰ ਬਹੁਜਨ ਸਮਾਜ ਪਾਰਟੀ ਦਾ ਸਾਥ ਦੇਣ ਦੀ ਅਪੀਲ ਕੀਤੀ

ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਪੰਜਾਬੀ ਮੂਲ ਦੇ ਸਾਂਸਦ ਸੁੱਖ ਧਾਲੀਵਾਲ, ਸਾਂਸਦ ਰਣਦੀਪ ਸਰਾਏ, ਐਨਾ ਲਿੰਡਾ, ਵਿਧਾਇਕ ਮਨਦੀਪ ਸਿੰਘ ਧਾਲੀਵਾਲ, ਕੌਂਸਲਰ ਉਮੀਦਵਾਰ ਸੀਨਾ ਵਰਮਾਨੀ, ਜੋਗਿੰਦਰ ਬੰਗੜ, ਮੋਹਨ ਬੰਗਾ, ਭੁਪਿੰਦਰ ਸਿੰਘ,ਜਿਲਾ ਸਿੰਘ, ਮੇਅਰ ਉਮੀਦਵਾਰ ਹੋਨਵੀਰ ਰੰਧਾਵਾ, ਰਿਕੀ ਬਾਜਵਾ, ਪ੍ਰਿੰ: ਮਲੂਕ ਚੰਦ ਕਲੇਰ, ਹਰਜੀਤ ਸੋਹਪਾਲ,ਕਮਲੇਸ਼ ਆਹੀਰ, ਐਨੀ ਮਰਫੀ, ਰਤਨ ਪੌਲ, ਕਮਲਜੀਤ ਮਾਨਾਂਵਾਲਾ,ਵਰਿੰਦਰ ਬੰਗੜ ਅਤੇ ਸੁਖੀ ਬੰਗੜ ਆਦਿ ਬੁਲਾਰਿਆਂ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਡਾ: ਭੀਮ ਰਾਓ ਅੰਬੇਦਕਰ ਅਤੇ ਬਾਬੂ ਕਾਂਸ਼ੀ ਰਾਮ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਇਸ ਮੌਕੇ ਤੇ ਸਾਂਸਦ ਰਣਦੀਪ ਸਰਾਏ ਵੱਲੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਭੇਜਿਆ ਗਿਆ ਸੰਦੇਸ਼ ਵੀ ਪੜ੍ਹਿਆ ਗਿਆ ਸਮਾਗਮ ਦੇ ਅਖੀਰਲੇ ਪੜਾਅ ਦੌਰਾਨ ਲੱਖਾ ਅਤੇ ਨਾਜ ਦੀ ਗਾਇਕ ਜੋੜੀ ਦੇ ਨਾਲ ਨਾਲ ਗਾਇਕ ਪੰਮਾ ਸੁਨੜ ਵੱਲੋਂ ਆਪਣੇ ਚੋਣਵੇਂ ਗੀਤਾਂ ਦੀ ਪੇਸ਼ਕਾਰੀ ਨਾਲ ਮਾਹੌਲ ਹੋਰ ਵੀ ਰੰਗੀਨ ਬਣਿਆ ਨਜ਼ਰੀਂ ਆਇਆ ਇਸ ਮੌਕੇ ਪਰੋਸੇ ਗਏ ਸਵਾਦ-ਲੇ ਭੋਜਨ ਦਾ ਸਾਰਿਆਂ ਨੂੰ ਰਲ ਮਿਲ ਕੇ ਆਨੰਦ ਮਾਣਿਆ ਅਖੀਰ ਵਿੱਚ ਰਸਪਾਲ ਭਾਰਦਵਾਜ਼ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।







# ਸਰਕਾਰੀ ਸਕੂਲਾਂ ਦਾ ਬੰਦ ਹੋਣਾ ਕੀ ਦੱਸਦਾ ਹੈ?

ਭਾਰਤ ਦੇ ਵਿੱਚ ਹਰ ਰੋਜ਼ 25 ਸਰਕਾਰੀ ਸਕੂਲ ਬੰਦ ਹੋ ਰਹੇ ਹਨ ਹੁਣ ਤੱਕ 94 ਹਜਾਰ ਸਕੂਲ ਬੰਦ ਹੋ ਚੁੱਕੇ ਹਨ। ਅਗਰ ਜੇ ਅੰਕੜਾ ਸਹੀ ਹੈ ਤਾਂ ਸਾਡਾ ਐਜੂਕੇਸ਼ਨ ਮਿਆਰ ਕਿੱਧਰ ਨੂੰ ਜਾ ਰਿਹਾ ਹੈ ਕਿ ਇਹ ਐਜੂਕੇਸ਼ਨ ਕੁਝ ਲੋਕਾਂ ਦੇ ਹੱਥਾਂ ਦੇ ਵਿੱਚ ਹੀ ਰਹਿ ਜਾਵੇਗੀ। ਜੇਕਰ ਹਾਂ ਹੈ ਤਾਂ ਇਹ ਬਹੁਤ ਮੰਦਭਾਗੀ ਖਬਰ ਹੈ।




ਸਕੂਲਾਂ ਦਾ ਬੰਦ ਹੋਣਾ ਅਤੇ ਐਜੂਕੇਸ਼ਨ ਮਿਆਰ ਦਾ ਡਿੱਗਣਾ ਬਹੁਤ ਚਿੰਤਾ ਦਾ ਵਿਸ਼ਾ ਹੈ। ਇਹ ਦਿੱਤੇ ਗਏ ਅੰਕੜੇ ਹਾਲ ਹੀ ਦੀਆਂ ਕੁਝ ਰਿਪੋਰਟਾਂ (ਜਿਵੇਂ ਕਿ ਨੀਤੀ ਆਯੋਗ ਦੀ ਇੱਕ ਰਿਪੋਰਟ ਦਾ ਹਵਾਲਾ) ਦੇ ਅਨੁਸਾਰ ਸਹੀ ਪ੍ਰਤੀਤ ਹੁੰਦੇ ਹਨ, ਜੋ ਦੱਸਦੀਆਂ ਹਨ ਕਿ ਪਿਛਲੇ ਇੱਕ ਦਹਾਕੇ ਵਿੱਚ ਭਾਰਤ ਵਿੱਚ ਲਗਭਗ 94,000 ਸਰਕਾਰੀ ਸਕੂਲ ਬੰਦ ਹੋਏ ਹਨ, ਜਿਸਦਾ ਮਤਲਬ ਹੈ ਕਿ ਔਸਤਨ ਹਰ ਰੋਜ਼ ਲਗਭਗ 25 ਸਕੂਲ ਬੰਦ ਹੋ ਰਹੇ ਹਨ।

ਇਸ ਗੰਭੀਰ ਮੁੱਦੇ ਦੇ ਵੱਖ-ਵੱਖ ਪਹਿਲੂਆਂ ਨੂੰ ਸਮਝਣਾ ਜ਼ਰੂਰੀ ਹੈ:

1. ਕੀ ਇਹ ਅੰਕੜਾ ਸਹੀ ਹੈ ਅਤੇ ਚਿੰਤਾਜਨਕ ਹੈ?

ਹਾਂ, ਇਹ ਅੰਕੜਾ ਬਹੁਤ ਚਿੰਤਾਜਨਕ ਹੈ। ਹਾਲਾਂਕਿ ਸਰਕਾਰਾਂ ਅਕਸਰ "ਸਕੂਲ ਮਰਜਿੰਗ" (ਘੱਟ ਵਿਦਿਆਰਥੀਆਂ ਵਾਲੇ ਸਕੂਲਾਂ ਨੂੰ ਨੇੜਲੇ ਵੱਡੇ ਸਕੂਲਾਂ ਵਿੱਚ ਮਿਲਾਉਣਾ) ਜਾਂ "ਸਕੂਲ ਰੈਸ਼ਨੇਲਾਈਜ਼ੇਸ਼ਨ" ਵਰਗੀਆਂ ਨੀਤੀਆਂ ਦਾ ਹਵਾਲਾ ਦਿੰਦੀਆਂ ਹਨ, ਪਰ ਅਸਲੀਅਤ ਇਹ ਹੈ ਕਿ ਇਸ ਨਾਲ ਸਿੱਖਿਆ ਤੱਕ ਪਹੁੰਚ ਕਮਜ਼ੋਰ ਹੁੰਦੀ ਹੈ।

2. ਸਾਡਾ ਐਜੂਕੇਸ਼ਨ ਮਿਆਰ ਕਿੱਧਰ ਜਾ ਰਿਹਾ ਹੈ?

ਇਹ ਸਥਿਤੀ ਬਹੁਤ ਹੀ ਮੰਦਭਾਗੀ ਹੈ। ਸਾਡੀ ਸਿੱਖਿਆ ਪ੍ਰਣਾਲੀ ਇੱਕ 'ਦੋਹਰੀ ਪ੍ਰਣਾਲੀ' ਵੱਲ ਵਧ ਰਹੀ ਹੈ:

ਇੱਕ ਪਾਸੇ: ਮਹਿੰਗੇ ਇੰਟਰਨੈਸ਼ਨਲ ਅਤੇ ਪ੍ਰਾਈਵੇਟ ਸਕੂਲ (ਡਿਜੀਟਲ ਬੋਰਡਾਂ, ਏਅਰ ਕੰਡੀਸ਼ਨਰਾਂ ਅਤੇ ਹਾਈ-ਟੈਕ ਸਹੂਲਤਾਂ ਵਾਲੇ), ਜੋ ਸਿਰਫ਼ ਅਮੀਰ ਲੋਕਾਂ ਦੀ ਪਹੁੰਚ ਵਿੱਚ ਹਨ।

ਦੂਜੇ ਪਾਸੇ: ਸਰਕਾਰੀ ਸਕੂਲ, ਜੋ ਬੁਨਿਆਦੀ ਢਾਂਚੇ (ਜਿਵੇਂ ਕਿ ਟੁੱਟੀਆਂ ਇਮਾਰਤਾਂ, ਪੀਣ ਵਾਲੇ ਪਾਣੀ ਅਤੇ ਪਖਾਨਿਆਂ ਦੀ ਕਮੀ), ਅਧਿਆਪਕਾਂ ਦੀ ਕਮੀ ਅਤੇ ਬਜਟ ਦੀ ਘਾਟ ਨਾਲ ਜੂਝ ਰਹੇ ਹਨ।

3. ਕੀ ਸਿੱਖਿਆ ਕੁਝ ਲੋਕਾਂ ਦੇ ਹੱਥਾਂ ਵਿੱਚ ਰਹਿ ਜਾਵੇਗੀ?



**ਲੇਖਕ : ਪੀ. ਐਲ. ਚੰਦਰ**

ਤੁਹਾਡਾ ਇਹ ਖਦਸ਼ਾ ਬਿਲਕੁਲ ਸਹੀ ਸਾਬਤ ਹੋ ਸਕਦਾ ਹੈ।

ਨਿੱਜੀਕਰਨ ਨੂੰ ਹੁਲਾਰਾ: ਸਰਕਾਰੀ ਸਕੂਲਾਂ ਦੀ ਮਾੜੀ ਹਾਲਤ ਅਤੇ ਉਹਨਾਂ ਦੇ ਬੰਦ ਹੋਣ ਕਾਰਨ ਗਰੀਬ ਅਤੇ ਪੇਂਡੂ ਪਰਿਵਾਰਾਂ ਕੋਲ ਪ੍ਰਾਈਵੇਟ ਸਕੂਲਾਂ ਵਿੱਚ ਜਾਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਦਾ।

ਮਹਿੰਗੀ ਸਿੱਖਿਆ: ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਇਸ ਨਾਲ ਸਿੱਖਿਆ ਸਿਰਫ਼ ਇੱਕ 'ਵਪਾਰ' ਬਣ ਕੇ ਰਹਿ ਸਕਦੀ ਹੈ, ਜਿਸ ਨਾਲ ਸਿਰਫ਼ ਸਮਾਜ ਦਾ ਉੱਚ ਵਰਗ ਹੀ ਲਾਭ ਉਠਾ ਸਕੇਗਾ।

ਗਰੀਬਾਂ ਲਈ ਸਿੱਖਿਆ ਦੇ ਦਰਵਾਜ਼ੇ ਬੰਦ: ਸੰਵਿਧਾਨ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ (ਠਓ) ਦਿੰਦਾ ਹੈ, ਪਰ ਸਕੂਲਾਂ ਨੂੰ ਬੰਦ ਕਰਨਾ ਇਸ ਅਧਿਕਾਰ ਨੂੰ ਕਮਜ਼ੋਰ ਕਰਦਾ ਹੈ। ਜਦੋਂ ਪਿੰਡ ਦਾ ਸਕੂਲ ਬੰਦ ਹੁੰਦਾ ਹੈ, ਤਾਂ ਦੂਰ ਦੇ ਸਕੂਲ ਵਿੱਚ ਜਾਣ ਲਈ ਸਾਧਨ ਨਾ ਹੋਣ ਕਾਰਨ ਖਾਸ ਕਰਕੇ ਕੁੜੀਆਂ ਅਤੇ ਗਰੀਬ/ਪਿਛੜੇ ਵਰਗ ਦੇ ਬੱਚਿਆਂ ਦੀ ਪੜ੍ਹਾਈ ਛੁੱਟ ਜਾਂਦੀ ਹੈ।

ਇਸ ਦਾ ਹੱਲ ਕੀ ਹੈ?

ਸਕੂਲ ਬੰਦ ਕਰਨਾ ਸਮੱਸਿਆ ਦਾ ਹੱਲ ਨਹੀਂ ਹੈ, ਸਗੋਂ ਸਮੱਸਿਆ ਨੂੰ ਹੋਰ ਵਧਾਉਣਾ ਹੈ। ਸਹੀ ਹੱਲ ਸਰਕਾਰੀ ਸਕੂਲਾਂ ਨੂੰ ਸੁਧਾਰਨਾ ਹੈ:

ਬਜਟ ਵਧਾਉਣਾ: ਸਿੱਖਿਆ 'ਤੇ ਸਰਕਾਰੀ ਖਰਚ ਵਧਾਇਆ ਜਾਵੇ।

ਬੁਨਿਆਦੀ ਢਾਂਚਾ: ਸਕੂਲਾਂ ਦੀਆਂ ਇਮਾਰਤਾਂ, ਪੀਣ ਵਾਲੇ ਪਾਣੀ, ਪਖਾਨਿਆਂ ਅਤੇ ਖੇਡ ਦੇ ਮੈਦਾਨਾਂ ਵਰਗੀਆਂ ਬੁਨਿਆਦੀ ਸਹੂਲਤਾਂ ਨੂੰ ਦਰੁਸਤ ਕੀਤਾ ਜਾਵੇ।

ਅਧਿਆਪਕਾਂ ਦੀ ਭਰਤੀ: ਅਧਿਆਪਕਾਂ ਦੀਆਂ ਖਾਲੀ ਪੋਸਟਾਂ ਤੁਰੰਤ ਭਰੀਆਂ ਜਾਣ ਅਤੇ ਉਹਨਾਂ ਨੂੰ ਬਿਹਤਰ ਸਿਖਲਾਈ ਦਿੱਤੀ ਜਾਵੇ।

ਸਮਾਜਿਕ ਜਾਗਰੂਕਤਾ: ਸਮਾਜ ਨੂੰ ਆਪਣੇ ਬੱਚਿਆਂ ਦੀ ਸਿੱਖਿਆ ਦੇ ਅਧਿਕਾਰ ਪ੍ਰਤੀ ਜਾਗਰੂਕ ਹੋਣਾ ਪਵੇਗਾ ਅਤੇ ਸਰਕਾਰਾਂ ਨੂੰ ਜਵਾਬਦੇਹ ਬਣਾਉਣਾ ਪਵੇਗਾ।

ਸਿੱਖਿਆ ਕਿਸੇ ਦੇਸ਼ ਦੇ ਭਵਿੱਖ ਦੀ ਨੀਂਹ ਹੁੰਦੀ ਹੈ। ਜੇਕਰ ਅਸੀਂ ਇਸ ਨੀਂਹ ਨੂੰ ਕਮਜ਼ੋਰ ਹੋਣ ਦਿੱਤਾ, ਤਾਂ ਸਾਡਾ ਦੇਸ਼ ਕਦੇ ਵੀ ਸਹੀ ਮਾਅਨਿਆਂ ਵਿੱਚ ਤਰੱਕੀ ਨਹੀਂ ਕਰ ਸਕੇਗਾ।

# ਬਾਲ ਕਹਾਣੀ : ਬਾਂਦਰ ਨੂੰ ਕੋਇਲ ਦਾ ਗੀਤ ਕਿਉਂ ਨਾ ਭਾਇਆ

ਪਿਛਲੀ ਰਾਤ ਮੀਂਹ ਬਿਨਾਂ ਰੁਕੇ ਵਰ੍ਹਦਾ ਰਿਹਾ। ਟਾਹਣੀਆਂ ਟਪਕਦੀਆਂ ਰਹੀਆਂ, ਅਤੇ ਬਾਂਦਰ ਇਕ ਡਾਲ ਤੋਂ ਦੂਜੀ ਡਾਲ ਉੱਤੇ ਸਿਕੁੜਦਾ ਰਿਹਾ। ਸਵੇਰ ਹੋਈ ਤਾਂ ਉਸ ਦੀਆਂ ਅੱਖਾਂ ਭਾਰੀ ਸਨ।

ਹੁਣ ਉਸਨੂੰ ਦਰੱਖਤ ਦੀ ਇਕ ਮਜ਼ਬੂਤ ਡਾਲ ਮਿਲੀ ਸੀ, ਜਿੱਥੇ ਉਹ ਕੁਝ ਪਲ ਆਰਾਮ ਕਰਨਾ ਚਾਹੁੰਦਾ ਸੀ। ਪਰ ਥੋੜ੍ਹੀ ਦੇਰ ਵਿੱਚ ਇਕ ਮਿੱਠੀ ਆਵਾਜ਼ ਨੇ ਉਸ ਦੀ ਨੀਂਦ ਦੇ ਰਾਹ ਵਿੱਚ ਰੁਕਾਵਟ ਪਾ ਦਿੱਤੀ।

ਬਾਂਦਰ ਸਾਰੀ ਰਾਤ ਠੰਢ, ਹਵਾ ਅਤੇ ਮੀਂਹ ਨਾਲ ਜੂਝਦਾ ਰਿਹਾ ਸੀ। ਉਸ ਕੋਲ ਕੋਈ ਪੱਕਾ ਰਹਿਣ ਲਈ ਆਸਰਾ ਕੋਈ ਛੱਤ ਨਹੀਂ ਸੀ, ਨਾ ਹੀ ਸੁੱਕੀ ਥਾਂ ਜਿੱਥੇ ਉਹ ਅੱਖ ਲਾ ਸਕਦਾ। ਇਸ ਲਈ ਸਵੇਰ ਦੀ ਉਹ ਸ਼ਾਂਤ ਡਾਲ ਉਸ ਲਈ ਬਹੁਤ ਕੀਮਤੀ ਸੀ।

ਥਕਾਵਟ ਮਨ ਨੂੰ ਵੀ ਬਦਲ ਦਿੰਦੀ ਹੈ। ਜਦੋਂ ਸਿਰ ਭਾਰੀ ਹੋਵੇ ਅਤੇ ਨੀਂਦ ਪੂਰੀ ਨਾ ਹੋਵੇ, ਚੰਗੀ ਗੱਲ ਵੀ ਚੁਭਣ ਲੱਗਦੀ ਹੈ। ਕੋਇਲ ਦਾ ਸੁਰ ਮਿੱਠਾ ਸੀ, ਪਰ ਬਾਂਦਰ ਦੇ ਕੰਨਾਂ ਨੂੰ ਉਹ ਉਸ ਵੇਲੇ ਸ਼ੋਰ ਜਿਹਾ ਲੱਗ ਰਿਹਾ ਸੀ।

ਉਸੇ ਦਰੱਖਤ ਦੀ ਉੱਚੀ ਟਾਹਣੀ ਉੱਤੇ ਕੋਇਲ ਖੁਸ਼ੀ ਨਾਲ ਗਾ ਰਹੀ ਸੀ। ਮੀਂਹ ਮਗਰੋਂ ਹਵਾ ਠੰਢੀ ਸੀ, ਪੱਤਿਆਂ ਉੱਤੇ ਬੂੰਦਾਂ ਚਮਕ ਰਹੀਆਂ ਸਨ। ਕੋਇਲ ਨੂੰ ਲੱਗਿਆ ਕਿ ਉਸ ਦੇ ਗੀਤ ਨਾਲ ਜੰਗਲ ਦਾ ਸਵੇਰਾ ਹੋਰ ਸੋਹਣਾ ਹੋ ਜਾਵੇਗਾ।

ਉਹ ਮਨ ਹੀ ਮਨ ਸੋਚ ਰਹੀ ਸੀ ਕਿ ਲੋਕ ਉਸ ਦੀ ਆਵਾਜ਼ ਦੀ ਤੁਲਨਾ ਹਾਨ ਸੈਨ ਨਾਲ ਕਰਨਗੇ। ਉਸਨੂੰ ਪਤਾ ਨਹੀਂ ਸੀ ਕਿ ਹੇਠਾਂ ਬੈਠਾ ਬਾਂਦਰ ਗੁੱਸੇ ਨਾਲ ਦੰਦ ਪੀਸ ਰਿਹਾ ਹੈ।

ਆਖ਼ਰ ਬਾਂਦਰ ਨੇ ਉੱਪਰ ਵੇਖ ਕੇ ਕਿਹਾ, "ਕੋਇਲ, ਆਪਣਾ ਗੀਤ ਬੰਦ ਕਰ। ਮੈਨੂੰ ਤੇਰੀ ਆਵਾਜ਼ ਬਿਲਕੁਲ ਚੰਗੀ ਨਹੀਂ ਲੱਗਦੀ। ਮੇਰੇ ਕੰਨ ਦੁਖ ਰਹੇ ਹਨ ਅਤੇ ਮੈਂ ਸੌਣਾ ਚਾਹੁੰਦਾ ਹਾਂ।"

ਉਸਦੇ ਬੋਲ ਕਠੋਰ ਸਨ। ਫਿਰ ਵੀ, ਉਸ ਦੇ ਪਿੱਛੇ ਰਾਤ ਭਰ ਦੀ ਬੇਚੈਨੀ ਲੁਕੀ ਹੋਈ ਸੀ। ਕੋਇਲ ਨੇ ਉਸ ਦੀ ਤਕਲੀਫ਼ ਤਾਂ ਸੁਣੀ, ਪਰ ਬੋਲਣ ਦਾ ਢੰਗ ਉਸਨੂੰ ਦੁਖੀ ਕਰ ਗਿਆ।

ਕੋਇਲ ਨੇ ਹੈਰਾਨੀ ਨਾਲ ਕਿਹਾ, "ਮੈਂ ਤਾਂ ਤੇਰੇ ਲਈ ਗਾ ਰਹੀ ਸੀ। ਮੇਰਾ ਗੀਤ ਮੀਂਹ ਦੇ ਮੌਸਮ ਨੂੰ ਹੋਰ ਸੁਹਾਵਣਾ ਬਣਾਉਂਦਾ ਹੈ। ਲੋਕ ਕਹਿੰਦੇ ਹਨ ਕਿ ਇਹ ਮੀਂਹ ਨੂੰ ਸੱਦਾ ਦਿੰਦਾ ਹੈ।"

ਬਾਂਦਰ ਦਾ ਗੁੱਸਾ ਘੱਟ ਨਾ ਹੋਇਆ। ਉਸਨੇ ਹੱਥ ਵਧਾਉਂਦਿਆਂ ਕਿਹਾ, "ਜੇ ਤੂੰ ਨਾ ਰੁਕੀ, ਮੈਂ ਤੈਨੂੰ ਫੜ ਲਵਾਂਗਾ।" ਕੋਇਲ ਨੇ ਤੁਰੰਤ ਗਾਉਣਾ ਬੰਦ ਕਰ ਦਿੱਤਾ।

ਧਮਕੀ ਸੁਣ ਕੇ ਕੋਇਲ ਫੜਫੜਾਈ ਅਤੇ ਦੂਜੇ ਦਰੱਖਤ ਵੱਲ ਉੱਡ ਗਈ। ਬਾਂਦਰ ਕੁਝ ਲਈ ਚੁੱਪ ਰਿਹਾ, ਪਰ ਹੁਣ ਉਹ ਡਾਲ ਵੀ ਉਸਨੂੰ ਸੁਖ ਨਹੀਂ ਦੇ ਰਹੀ ਸੀ।

ਉਹ ਨਵੀਂ ਥਾਂ ਲੱਭਣ ਲਈ ਹੇਠਾਂ ਉਤਰਿਆ ਹੀ ਸੀ ਕਿ ਮੀਂਹ ਫਿਰ ਸ਼ੁਰੂ ਹੋ ਗਿਆ। ਉਸਨੂੰ ਆਪਣੀ ਕਠੋਰਤਾ ਯਾਦ ਆਈ।

ਉਹ ਨਰਮੀ ਨਾਲ ਵੀ ਆਰਾਮ ਮੰਗ ਸਕਦਾ ਸੀ।

ਗੁੱਸੇ ਵਿੱਚ ਬੋਲੇ ਸ਼ਬਦ ਚੰਗੇ ਸੰਬੰਧ ਤੋੜ ਦਿੰਦੇ ਹਨ। ਦੂਜੇ ਦੀ ਨੀਅਤ ਸਮਝਣੀ ਚਾਹੀਦੀ ਹੈ, ਅਤੇ ਆਪਣੀ ਪਰੇਸ਼ਾਨੀ ਵੀ ਸਲੀਕੇ ਨਾਲ ਦੱਸਣੀ ਚਾਹੀਦੀ ਹੈ।


ਕੋਇਲ ਦਾ ਗੀਤ ਮਿੱਠਾ ਸੀ, ਪਰ ਬਾਂਦਰ ਦੀ ਥਕਾਵਟ ਨੇ ਉਸਨੂੰ ਸੁਣਨ ਦੇ ਯੋਗ ਨਹੀਂ ਛੱਡਿਆ। ਉਸਦੀ ਲੋੜ ਸੱਚੀ ਸੀ, ਪਰ ਉਸਦਾ ਗੁੱਸਾ ਠੀਕ ਨਹੀਂ ਸੀ।

ਆਪਣੀ ਪਰੇਸ਼ਾਨੀ ਕਰਕੇ ਕਿਸੇ ਬੇਕਸੂਰ ਨੂੰ ਦੁੱਖ ਨਹੀਂ ਦੇਣਾ ਚਾਹੀਦਾ। ਸ਼ਾਂਤੀ ਨਾਲ ਕਹੇ ਬੋਲ ਅਕਸਰ ਉਹ ਗੱਲ ਸੁਲਝਾ ਦਿੰਦੇ ਹਨ ਜੋ ਗੁੱਸਾ ਵਿਗਾੜ ਦਿੰਦਾ ਹੈ।



**ਸੁਰਜੀਤ ਸਿੰਘ ਫਲੋਰਾ**

# ਪੰਜਾਬ : ਪੇਚੀਦਾ ਸਥਿਤੀ ਤੇ ਚੁਣੌਤੀਆਂ




**ਪੁਸਤਕ ਪੜਚੋਲ**
**ਪੰਜਾਬ : ਪੇਚੀਦਾ ਸਥਿਤੀ ਤੇ ਚੁਣੌਤੀਆਂ**
**ਲੇਖਕ : ਡਾ. ਮੇਹਰ ਸਿੰਘ ਮਾਣਕ**
**ਪੜਚੋਲ ਕਰਤਾ: ਪ੍ਰੋ. ਧਰਮਿੰਦਰ ਸਿੰਘ, ਦੇਸ਼ ਭਗਤ ਯੂਨੀਵਰਸਿਟੀ,ਮੰਡੀ ਗੋਬਿੰਦਗੜ੍ਹ**

ਸਮਕਾਲੀ ਪੰਜਾਬ ਦੇ ਸਮਾਜਿਕ-ਆਰਥਿਕ ਅਤੇ ਰਾਜਨੀਤਿਕ ਸੰਕਟਾਂ ਨੂੰ ਸਮਝਣ ਲਈ ਪਿਛਲੇ ਕੁਝ ਦਹਾਕਿਆਂ ਦੌਰਾਨ ਕਈ ਮਹੱਤਵਪੂਰਨ ਅਧਿਐਨ ਸਾਹਮਣੇ ਆਏ ਹਨ, ਪਰੰਤੂ ਬਹੁਤੇ ਅਧਿਐਨ ਕਿਸੇ ਇੱਕ ਵਿਸ਼ੇਸ਼ ਖੇਤਰ ਜਾਂ ਸਮੱਸਿਆ ਤੱਕ ਹੀ ਸੀਮਿਤ ਰਹਿੰਦੇ ਹਨ। ਡਾ. ਮੇਹਰ ਸਿੰਘ ਮਾਣਕ ਦੀ ਪੁਸਤਕ "ਪੰਜਾਬ : ਪੇਚੀਦਾ ਸਥਿਤੀ ਤੇ ਚੁਣੌਤੀਆਂ" ਇਸ ਪੱਖੋਂ ਵਿਸ਼ੇਸ਼ ਮਹੱਤਵ ਰੱਖਦੀ ਹੈ ਕਿ ਇਹ ਪੰਜਾਬ ਦੇ ਸੰਕਟ ਨੂੰ ਕਿਸੇ ਇਕੱਲੀ ਘਟਨਾ ਜਾਂ ਨੀਤੀ ਦਾ ਨਤੀਜਾ ਮੰਨਣ ਦੀ ਬਜਾਏ ਉਸ ਨੂੰ ਇਤਿਹਾਸਕ, ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਵਿਸ਼ਵ ਪੱਧਰੀ ਪਰਿਵਰਤਨਾਂ ਦੇ ਆਪਸੀ ਅੰਤਰ-ਸੰਬੰਧਾਂ ਵਿੱਚ ਸਮਝਣ ਦਾ ਯਤਨ ਕਰਦੀ ਹੈ। ਇਸ ਦ੍ਰਿਸ਼ਟੀ ਤੋਂ ਇਹ ਪੁਸਤਕ ਕੇਵਲ ਸਮੱਸਿਆਵਾਂ ਦਾ ਦਸਤਾਵੇਜ਼ ਨਹੀਂ, ਸਗੋਂ ਸਮਕਾਲੀ ਪੰਜਾਬ ਦੇ ਰਾਜਨੀਤਿਕ ਅਰਥ-ਸ਼ਾਸਤਰ  ਦੀ ਇੱਕ ਗੰਭੀਰ ਵਿਆਖਿਆ ਵੀ ਹੈ।

ਡਾ. ਮੇਹਰ ਸਿੰਘ ਮਾਣਕ ਪੰਜਾਬ ਦੇ ਪ੍ਰਸਿੱਧ ਲੋਕ-ਪੱਖੀ ਸਮਾਜਿਕ ਚਿੰਤਕ, ਅਰਥਚਿੰਤਕ ਅਤੇ ਅਕਾਦਮਿਕ ਵਿਦਵਾਨ ਹਨ। ਉਨ੍ਹਾਂ ਦਾ ਲੇਖਨ ਖੋਜ-ਆਧਾਰਿਤ ਹੋਣ ਦੇ ਨਾਲ-ਨਾਲ ਸਮਾਜਿਕ ਯਥਾਰਥ ਨਾਲ ਡੂੰਘੀ ਵਚਨਬੱਧਤਾ ਦਾ ਪ੍ਰਗਟਾਵਾ ਕਰਦਾ ਹੈ। ਉਹ ਅੰਕੜਿਆਂ, ਸਰਕਾਰੀ ਰਿਪੋਰਟਾਂ, ਨੀਤੀਗਤ ਦਸਤਾਵੇਜ਼ਾਂ ਅਤੇ ਸਮਕਾਲੀ ਘਟਨਾਵਾਂ ਨੂੰ ਆਧਾਰ ਬਣਾਉਂਦੇ ਹੋਏ ਆਪਣੇ ਵਿਸ਼ਲੇਸ਼ਣ ਨੂੰ ਵਿਕਸਿਤ ਕਰਦੇ ਹਨ। ਇਸ ਕਰਕੇ ਉਨ੍ਹਾਂ ਦੀਆਂ ਦਲੀਲਾਂ ਭਾਵਨਾਤਮਕ ਅਪੀਲ ਦੀ ਬਜਾਏ ਤੱਥਾਂ ਅਤੇ ਤਰਕ ਦੀ ਮਜ਼ਬੂਤ ਨੀਂਹ 'ਤੇ ਖੜ੍ਹੀਆਂ ਦਿਖਾਈ ਦਿੰਦੀਆਂ ਹਨ। ਉਨ੍ਹਾਂ ਦੀ ਇੱਕ ਹੋਰ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਉਹ ਅਕਾਦਮਿਕ ਗੰਭੀਰਤਾ ਨੂੰ ਕਾਇਮ ਰੱਖਦਿਆਂ ਵੀ ਭਾਸ਼ਾ ਨੂੰ ਬੇਲੋੜੀ ਜਟਿਲਤਾ ਤੋਂ ਮੁਕਤ ਰੱਖਦੇ ਹਨ। ਇਸ ਕਰਕੇ  ਇਹ ਪੁਸਤਕ ਆਮ ਪਾਠਕ ਲਈ ਵੀ ਸਮਾਨ ਤੌਰ 'ਤੇ ਉਪਯੋਗੀ ਬਣ ਜਾਂਦੀ ਹੈ।

ਪੁਸਤਕ ਪੰਜ ਭਾਗਾਂ ਅਤੇ ਅਠਾਰਾਂ ਅਧਿਆਇਆਂ ਵਿੱਚ ਵੰਡੀ ਗਈ ਹੈ। ਇਸ ਦੀ ਸੰਰਚਨਾ ਵਿਸ਼ੇਗਤ ਪੱਖੋਂ ਸੁਵਿਧਿਤ ਅਤੇ ਕ੍ਰਮਬੱਧ ਹੈ, ਜਿਸ ਵਿੱਚ ਪੰਜਾਬ ਦੇ ਵਿਕਾਸ, ਸੰਕਟ ਅਤੇ ਸੰਭਾਵਨਾਵਾਂ ਨਾਲ ਸੰਬੰਧਿਤ ਵਿਭਿੰਨ ਮੁੱਦਿਆਂ ਨੂੰ ਆਪਸੀ ਸੰਬੰਧਾਂ ਸਮੇਤ ਵਿਚਾਰਿਆ ਗਿਆ ਹੈ।

ਪਹਿਲੇ ਭਾਗ ਵਿੱਚ ਪੰਜਾਬ ਦੇ ਪੇਂਡੂ ਸਮਾਜ ਅਤੇ ਖੇਤੀ ਆਰਥਿਕਤਾ ਦੀਆਂ ਗੁੰਝਲਦਾਰ ਹਕੀਕਤਾਂ ਦਾ ਡੂੰਘਾ ਵਿਸ਼ਲੇਸ਼ਣ ਕੀਤਾ ਗਿਆ ਹੈ। ਡਾ.ਮਾਣਕ ਹਰੀ ਕ੍ਰਾਂਤੀ ਤੋਂ ਬਾਅਦ ਦੇ ਵਿਕਾਸ ਮਾਡਲ ਦੀਆਂ ਅੰਤਰ-ਵਿਰੋਧੀ ਪ੍ਰਕਿਰਿਆਵਾਂ ਨੂੰ ਉਜਾਗਰ ਕਰਦੇ ਹਨ। ਇਹ ਬੜੇ ਸਰਲ ਢੰਗ ਨਾਲ ਦਰਸਾਉਂਦੇ ਹਨ ਕਿ ਸ਼ੁਰੂਆਤੀ ਖੁਸ਼ਹਾਲੀ ਕਿਵੇਂ ਹੌਲੀ-ਹੌਲੀ ਕਰਜ਼ੇਦਾਰੀ, ਉਤਪ-ਾਦਨ ਲਾਗਤ ਵਿੱਚ ਵਾਧੇ, ਘਟਦੀ ਆਮਦਨ, ਵਾਤਾਵਰਣੀ ਹ੍ਰਾਸ ਅਤੇ ਸਮਾਜਿਕ ਅਸਥਿਰਤਾ ਵਿੱਚ ਤਬਦੀਲ ਹੋਈ। ਵਿਸ਼ੇਸ਼ ਤੌਰ 'ਤੇ ਕਿਸਾਨੀ ਆਤਮਹੱਤਿਆਵਾਂ, ਪੇਂਡੂ ਬੇਰੁਜ਼ਗਾਰੀ, ਨੌਜਵਾਨਾਂ ਦੇ ਪਰਵਾਸ ਅਤੇ ਸਮਾਜਿਕ ਵਿਘਟਨ ਨੂੰ ਉਨ੍ਹਾਂ ਨੇ ਵੱਖ-ਵੱਖ ਘਟਨਾਵਾਂ ਵਜੋਂ ਨਹੀਂ, ਸਗੋਂ ਇੱਕੋ ਸੰਰਚਨਾਤਮਕ ਸੰਕਟ ਦੇ ਆਪਸੀ ਤੌਰ 'ਤੇ ਜੁੜੇ ਹੋਏ ਪੱਖਾਂ ਵਜੋਂ ਵਿਸ਼ਲੇਸ਼ਿਤ ਕੀਤਾ ਹੈ। ਇਹੀ ਪਹੁੰਚ ਪੁਸਤਕ ਨੂੰ ਵਰਣਨਾਤਮਕ ਲੇਖਨ ਤੋਂ ਉੱਪਰ ਉਠਾ ਕੇ ਵਿਸ਼ਲੇਸ਼ਣਾਤਮਕ ਅਧਿਐਨ ਦਾ ਰੂਪ ਪ੍ਰਦਾਨ ਕਰਦੀ ਹੈ।ਦੂਜੇ ਭਾਗ ਵਿੱਚ ਬਿਜਲੀ ਸੋਧ ਬਿੱਲ, ਬੀਜ ਬਿੱਲ, ਜ਼ਮੀਨੀ ਯੋਜਨਾਬੰਦੀ ਅਤੇ ਅੰਤਰਰਾਸ਼ਟਰੀ ਵਪਾਰਕ ਸਮਝੌਤਿਆਂ ਦੇ ਸੰਦਰਭ ਵਿੱਚ ਭਾਰਤੀ ਖੇਤੀ ਦੀ ਬਦਲਦੀ ਨੀਤੀ ਦਾ ਆਲੋਚਨਾਤਮਕ ਅਧਿਐਨ ਕੀਤਾ ਗਿਆ ਹੈ। ਲੇਖਕ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਦੇ ਪ੍ਰਭਾਵਾਂ ਦਾ ਮੁਲਾਂਕਣ ਕਰਦੇ ਹੋਏ ਇਹ ਸਵਾਲ ਉਠਾਉਂਦੇ ਹਨ ਕਿ ਕੀ ਮੌਜੂਦਾ ਨੀਤੀ-ਢਾਂਚਾ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਹਿਤਾਂ ਦੀ ਰੱਖਿਆ ਕਰਨ ਵਿੱਚ ਸਮਰੱਥ ਹੈ। ਭਾਰਤ-ਅਮਰੀਕਾ ਵਪਾਰਕ ਸਮਝੌਤਿਆਂ ਦੀ ਚਰਚਾ ਕਰਦਿਆਂ ਲੇਖਕ ਸਰਕਾਰੀ ਨੀਤੀਆਂ ਵਿੱਚ ਪਾਰਦਰਸ਼ਤਾ ਦੀ ਘਾਟ, ਕਾਰਪੋਰੇਟ ਪੂੰਜੀ ਦੀ ਵਧਦੀ ਭੂਮਿਕਾ ਅਤੇ ਖੇਤੀ ਖੇਤਰ ਉੱਤੇ ਪੈਣ ਵਾਲੇ ਸੰਭਾਵੀ ਪ੍ਰਭਾਵਾਂ ਦਾ ਸੰਤੁਲਿਤ ਵਿਸ਼ਲੇਸ਼ਣ ਪੇਸ਼ ਕਰਦੇ ਹਨ।

ਤੀਜੇ ਭਾਗ ਵਿੱਚ ਪੰਜਾਬ ਸਰਕਾਰ ਦੀ ਖੇਤੀ ਨੀਤੀ (2024) ਦੇ ਖਰੜੇ ਦਾ ਵਿਸ਼ਲੇਸ਼ਣ ਪੁਸਤਕ ਦਾ ਇੱਕ ਮਹੱਤਵਪੂਰਨ ਅੰਸ਼ ਹੈ। ਡਾ.ਮਾਣਕ ਨੀਤੀ ਦੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਦੋਵਾਂ ਦਾ ਆਲੋਚਨਾਤਮਕ ਮੁਲਾਂਕਣ ਕਰਦੇ ਹਨ। ਇਸ ਦੇ ਨਾਲ ਹੀ ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦਾ ਵਿਵਹਾਰਕ ਪਰੀਖਣ ਕਰਦਿਆਂ ਉਹ ਇਹ ਵਿਚਾਰ ਪੇਸ਼ ਕਰਦੇ ਹਨ ਕਿ ਨੀਤੀ-ਨਿਰਮਾਣ ਦੀ ਸਫਲਤਾ ਕੇਵਲ ਦਸਤਾਵੇਜ਼ੀ ਪ੍ਰਬੰਧਾਂ ਨਾਲ ਨਹੀਂ, ਸਗੋਂ ਉਨ੍ਹਾਂ ਦੀ ਪ੍ਰਭਾਵਸ਼ਾਲੀ ਰਾਜਨੀਤਕ ਇੱਛਾ ਸ਼ਕਤੀ ਨਾਲ ਨਿਰਧਾਰਿਤ ਹੁੰਦੀ ਹੈ। ਇਸ ਭਾਗ ਵਿੱਚ ਭਾਰਤ ਦੇ ਕਿਸਾਨ ਅੰਦੋਲਨਾਂ ਦਾ ਇਤਿਹਾਸਕ ਸਰਵੇਖਣ ਵੀ ਪੁਸਤਕ ਨੂੰ ਵਿਸ਼ਾਲ ਸੰਦਰਭ ਪ੍ਰਦਾਨ ਕਰਦਾ ਹੈ।

ਚੌਥੇ ਭਾਗ ਵਿੱਚ ਨਵੀਂ ਸਿੱਖਿਆ ਨੀਤੀ ਦਾ ਸੰਤੁਲਿਤ ਅਤੇ ਵਿਵੇਕਪੂਰਨ ਵਿਸ਼ਲੇਸ਼ਣ ਕੀਤਾ ਗਿਆ ਹੈ। ਡਾ ਮਾਣਕ ਨਾ ਤਾਂ ਇਸ ਦਾ ਅੰਨ੍ਹਾ ਸਮਰਥਨ ਕਰਦੇ ਹਨ ਅਤੇ ਨਾ ਹੀ ਸਰਸਰੀ ਆਲੋਚਨਾ; ਸਗੋਂ ਸਿੱਖਿਆ ਦੇ ਵਪਾਰੀਕਰਨ, ਭਾਸ਼ਾ ਨੀਤੀ, ਸਮਾਨ ਮੌਕਿਆਂ, ਉੱਚ ਸਿੱਖਿਆ ਦੀ ਪਹੁੰਚ ਅਤੇ ਗੁਣਵੱਤਾ ਵਰਗੇ ਮੁੱਦਿਆਂ ਨੂੰ ਤਰਕਸੰਗਤ ਢੰਗ ਨਾਲ ਪਰਖਦੇ ਹਨ। ਇਸੇ ਭਾਗ ਵਿੱਚ ਆਰਟੀਫ਼ਿਸ਼ਲ ਇੰਟੈਲੀਜੈਂਸ ਦੇ ਪ੍ਰਭਾਵਾਂ ਉੱਤੇ ਕੀਤੀ ਗਈ ਚਰਚਾ ਦਰਸਾਉਂਦੀ ਹੈ ਕਿ ਲੇਖਕ ਸਿਰਫ਼ ਰਵਾਇਤੀ ਮੁੱਦਿਆਂ ਤੱਕ ਸੀਮਿਤ ਨਹੀਂ ਰਹਿੰਦੇ, ਸਗੋਂ ਉਭਰ ਰਹੀਆਂ ਤਕਨੀਕੀ ਅਤੇ ਗਿਆਨ-ਸੰਬੰਧੀ ਚੁਣੌਤੀਆਂ ਨੂੰ ਵੀ ਆਪਣੇ ਵਿਸ਼ਲੇਸ਼ਣ ਦਾ ਹਿੱਸਾ ਬਣਾਉਂਦੇ ਹਨ।

ਪੰਜਵੇਂ ਭਾਗ ਵਿੱਚ ਪੰਜਾਬ ਵਿੱਚ ਵਾਰ-ਵਾਰ ਆਉਣ ਵਾਲੇ ਹੜ੍ਹਾਂ ਦੇ ਕਾਰਨਾਂ, ਉਨ੍ਹਾਂ ਦੇ ਸਮਾਜਿਕ ਅਤੇ ਆਰਥਿਕ ਪ੍ਰਭਾਵਾਂ ਅਤੇ ਪ੍ਰਸ਼ਾਸਨਿਕ ਪ੍ਰਬੰਧਾਂ ਦੀਆਂ ਕਮਜ਼ੋਰੀਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਾਰਤੀ ਸੰਵਿਧਾਨ, ਲੋਕਤੰਤਰ ਅਤੇ ਗਣਤੰਤਰ ਦਿਵਸ ਦੇ ਮਹੱਤਵ ਨਾਲ ਸੰਬੰਧਿਤ ਅਧਿਆਇ ਨਾਗਰਿਕ ਚੇਤਨਾ ਅਤੇ ਸੰਵਿਧਾਨਕ ਮੁੱਲਾਂ ਪ੍ਰਤੀ ਇੱਕ ਲੋਕਤੰਤਰੀ ਦ੍ਰਿਸ਼ਟੀ ਵਿਕਸਿਤ ਕਰਨ ਦਾ ਯਤਨ ਕਰਦਾ ਹੈ। ਇਸ ਤਰ੍ਹਾਂ ਪੁਸਤਕ ਸਮਾਜਿਕ-ਆਰਥਿਕ ਵਿਸ਼ਲੇਸ਼ਣ ਨੂੰ ਲੋਕਤਾਂਤਰਿਕ ਚਿੰਤਨ ਨਾਲ ਜੋੜਦੀ ਹੈ।

ਵਿਧੀ-ਵਿਗਿਆਨਕ ਦ੍ਰਿਸ਼ਟੀ ਤੋਂ ਵੀ ਇਹ ਪੁਸਤਕ ਉਲੇਖਣਯੋਗ ਹੈ। ਲੇਖਕ ਨੇ ਅੰਕੜਿਆਂ, ਸਰਕਾਰੀ ਰਿਪੋਰਟਾਂ, ਨੀਤੀ ਦਸਤਾਵੇਜ਼ਾਂ ਅਤੇ ਸਮਕਾਲੀ ਘਟਨਾਵਾਂ ਦਾ ਆਲੋਚਨਾਤਮਕ ਉਪਯੋਗ ਕਰਦਿਆਂ ਵਿਸ਼ਲੇਸ਼ਣ ਨੂੰ ਤੱਥ-ਆਧਾਰਿਤ ਬਣਾਇਆ ਹੈ। ਹਾਲਾਂਕਿ ਕੁਝ ਅਧਿਆਇਆਂ ਵਿੱਚ ਅੰਤਰਰਾਸ਼ਟਰੀ ਅਕਾਦਮਿਕ ਸਾਹਿਤ ਅਤੇ ਤੁਲਨਾਤਮਕ ਅਧਿਐਨਾਂ ਦਾ ਹੋਰ ਵਿਸਤ੍ਰਿਤ ਸਮਾਵੇਸ਼ ਇਸ ਪੁਸਤਕ ਨੂੰ ਹੋਰ ਵੀ ਮਜ਼ਬੂਤ ਬਣਾ ਸਕਦਾ ਸੀ। ਫਿਰ ਵੀ, ਇਹ ਸੀਮਾ ਪੁਸਤਕ ਦੇ ਸਮੁੱਚੇ ਬੌਧਿਕ ਮਹੱਤਵ ਨੂੰ ਘਟਾਉਂਦੀ ਨਹੀਂ, ਕਿਉਂਕਿ ਇਸ ਦਾ ਮੁੱਖ ਉਦੇਸ਼ ਪੰਜਾਬ ਦੇ ਸਮਕਾਲੀ ਸੰਕਟ ਨੂੰ ਲੋਕ-ਕੇਂਦਰਿਤ ਦ੍ਰਿਸ਼ਟੀਕੋਣ ਤੋਂ ਸਮਝਣਾ ਹੈ।

ਸਮੁੱਚੇ ਤੌਰ 'ਤੇ, "ਪੰਜਾਬ : ਪੇਚੀਦਾ ਸਥਿਤੀ ਤੇ ਚੁਣੌਤੀਆਂ" ਪੰਜਾਬ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸੰਕਟਾਂ ਨੂੰ ਸਮਝਣ ਲਈ ਇੱਕ ਮਹੱਤਵਪੂਰਨ ਸੰਦਰਭ-ਗ੍ਰੰਥ ਹੈ। ਇਹ ਪੁਸਤਕ ਨਾ ਸਿਰਫ਼ ਖੋਜਾਰਥੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਲਈ, ਸਗੋਂ ਨੀਤੀ-ਨਿਰਮਾਤਾਵਾਂ, ਸਮਾਜਿਕ ਕਾਰਕੁਨਾਂ ਅਤੇ ਪੰਜਾਬ ਦੇ ਭਵਿੱਖ ਪ੍ਰਤੀ ਚਿੰਤਤ ਹਰ ਜਾਗਰੂਕ ਨਾਗਰਿਕ ਲਈ ਵੀ ਸਮਾਨ ਰੂਪ ਵਿੱਚ ਲਾਭਕਾਰੀ ਹੈ। ਡਾ. ਮੇਹਰ ਸਿੰਘ ਮਾਣਕ ਦੀ ਇਹ ਕ੍ਰਿਤ ਪੰਜਾਬ ਬਾਰੇ ਚੱਲ ਰਹੇ ਸਮਕਾਲੀ ਬੌਧਿਕ ਵਿਮਰਸ਼ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਹੈ, ਕਿਉਂਕਿ ਇਹ ਪਾਠਕ ਨੂੰ ਕੇਵਲ ਜਾਣਕਾਰੀ ਹੀ ਨਹੀਂ ਦਿੰਦੀ, ਸਗੋਂ ਉਸ ਨੂੰ ਆਲੋਚਨਾਤਮਕ ਚਿੰਤਨ, ਨੀਤੀਗਤ ਪੁਨਰ-ਵਿਚਾਰ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਦਿਸ਼ਾ ਵੱਲ ਵੀ ਪ੍ਰੇਰਿਤ ਕਰਦੀ ਹੈ।



**ਲੇਖਕ : ਡਾ. ਮੇਹਰ ਸਿੰਘ ਮਾਣਕ**

# ਕਹਾਣੀ ਅਪੂਰਨ ਸੱਧਰਾਂ

ਮੈਂ ਤੇ ਹਰਦੇਵ ਸਿੰਘ ਨੇ 1949 'ਚ ਡੀ.ਐੱਮ. ਕਾਲਜ, ਮੋਗਾ ਦੇ ਪਹਿਲੇ ਸਾਲ ਦੇ ਸੈਸ਼ਨ 'ਚ ਇਕੱਠਿਆਂ ਦਾਖਲਾ ਲਿਆ ਸੀ। ਬੱਸ, ਓਦੋਂ ਤੋਂ ਲੈ ਕੇ ਅੱਜ ਤਕ ਮਿੱਤਰਤਾ ਚੱਲੀ ਆਉਂਦੀ ਹੈ। ਇੱਕ ਦਿਨ ਫ਼ੋਨ 'ਤੇ ਮੈਨੂੰ ਕਹਿਣ ਲੱਗਾ, "ਪੰਜਾਬ ਜਾਣ ਤੋਂ ਪਹਿਲਾਂ ਅਗਲੇ ਹਫ਼ਤੇ ਮੈਂ ਤੈਨੂੰ ਮਿਲਣ ਆ ਰਿਹਾ ਹਾਂ। ਤੇਰਾ ਕਿਤੇ ਬਾਹਰ ਜਾਣ ਦਾ ਪ੍ਰੋਗਰਾਮ ਤਾਂ ਨਹੀਂ?"

ਮੈਂ ਕਿਹਾ, "ਨਹੀਂ, ਕਿਤੇ ਨਹੀਂ ਜਾਣਾ। ਜਦੋਂ ਦਿਲ ਕਰੇ ਆ ਜਾ। ਇਹ ਕੋਈ ਪੁੱਛਣ ਵਾਲੀ ਗੱਲ ਹੈ?"

ਕਹਿਣ ਲੱਗਾ, "ਇਹ ਕਿਹੜਾ ਪੰਜਾਬ ਹੈ, ਜਦੋਂ ਮਰਜ਼ੀ ਹੋਈ ਕਿਸੇ ਦੇ ਘਰ ਦਾ ਦਰਵਾਜ਼ਾ ਜਾ ਖੜਕਾਇਆ। ਯਾਰ, ਇੱਥੇ ਤਾਂ ਬੋਚ-ਬੋਚ ਕੇ ਪੈਰ ਧਰਨਾ ਪੈਂਦਾ ਹੈ।"

"ਤੂੰ ਕਹਿਣਾ ਤਾਂ ਠੀਕ ਹੈਂ। ਮੈਂ ਤੇਰਾ ਇੰਤਜ਼ਾਰ ਕਰਾਂਗਾ। ਐਨੀ ਦੇਰ ਪਿੱਛੋਂ ਮੈਨੂੰ ਤੇਰਾ ਮਿਲਣਾ ਬਹੁਤ ਚੰਗਾ ਲੱਗੂ।" ਮੈਂ ਦਿਲ ਦੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ।

ਅਗਲੇ ਹਫ਼ਤੇ ਹਰਦੇਵ ਸਿੰਘ ਮੇਰੇ ਕੋਲ ਸੀ। ਮੈਂ ਉਸਦੀ ਕਮਜ਼ੋਰ ਸਿਹਤ ਦੇਖ ਕੇ ਬੜਾ ਹੈਰਾਨ ਹੋਇਆ। ਦਮੇ ਦਾ ਮਾਰਿਆ ਹੋਇਆ, ਹੱਡੀਆਂ ਦੀ ਮੁੱਠ ਦਾ ਇੱਕ ਕਮਜ਼ੋਰ ਇਨਸਾਨ। ਕੀ ਇਹ ਉਹੀ ਹਰਦੇਵ ਸਿੰਘ ਹੈ ਜੋ ਕਦੇ ਆਪਣੇ ਸਮੇਂ ਕਾਲਜ ਦੀ ਹਾਕੀ ਟੀਮ ਦਾ ਕਪਤਾਨ ਹੁੰਦਾ ਸੀ? ਕਾਲਜ ਦਾ ਹੀਰੋ!

ਮੈਂ ਪੁੱਛਿਆ, "ਤੇਰੀ ਸਿਹਤ ਬੜੀ ਡਾਊਨ ਹੋ ਗਈ ਹੈ। ਕੀ ਗੱਲ ਹੋ ਗਈ?"

ਉਹ ਕਹਿਣ ਲੱਗਾ, "ਸ਼ਾਮ ਵੇਲੇ ਪੈੱਗ ਪੀ ਕੇ ਦੱਸਾਂਗਾ। ਹੁਣ ਥਕਾਵਟ ਮਹਿਸੂਸ ਕਰ ਰਿਹਾ ਹਾਂ, ਮੈਨੂੰ ਆਰਾਮ ਦੀ ਬਹੁਤ ਲੋੜ ਹੈ।"

ਮੈਂ ਉਸਨੂੰ ਕਮਰੇ ਵਿੱਚ ਛੱਡ ਆਇਆ। ਮੇਰੀ ਪਤਨੀ ਨੇ ਮੈਥੋਂ ਹੌਲੀ ਜਿਹਾ ਪੁੱਛਿਆ, "ਇਹ ਹਰਦੇਵ ਨੂੰ ਕੀ ਹੋ ਗਿਆ? ਵਾਹਿਗੁਰੂ ਤੰਦਰੁਸਤੀ ਬਖਸ਼ੇ। ਹੁਣ ਤਾਂ ਪਛਾਣਿਆ ਵੀ ਨਹੀਂ ਜਾਂਦਾ।"

"ਸ਼ਾਮ ਨੂੰ ਰਲ ਕੇ ਬੈਠਾਂਗੇ ਤੇ ਖੁੱਲ੍ਹ ਕੇ ਗੱਲਾਂ-ਬਾਤਾਂ ਕਰਾਂਗੇ। ਕੋਈ ਨਾ ਕੋਈ ਗੱਲ ਤਾਂ ਜ਼ਰੂਰ ਹੋਊ, ਜੋ ਆਪਾਂ ਨੂੰ ਐਡੀ ਦੂਰੋਂ ਚੱਲ ਕੇ ਉਚੇਚ ਮਿਲਣ ਆਇਆ ਹੈ।" ਮੈਂ ਸਹਿਜ ਭਾਵ ਨਾਲ ਕਿਹਾ।

ਸ਼ਾਮ ਨੂੰ ਬਾਰ ਵਿੱਚ ਬੈਠਿਆਂ ਦੋ ਪੈੱਗ ਲੈਣ ਪਿੱਛੋਂ ਹਰਦੇਵ ਸਿੰਘ ਕਹਿਣ ਲੱਗਾ, "ਪਿਆਰੇ ਵੀਰ, ਸ਼ਾਇਦ ਇਹ ਮੇਰੀ ਅਮਰੀਕਾ ਦੀ ਆਖ਼ਰੀ ਫੇਰੀ ਹੋਵੇ। ਮੇਰਾ ਇੱਕ-ਪਾਸੜ ਫ਼ੈਸਲਾ ਤੈਨੂੰ ਭਾਵੇਂ ਚੰਗਾ ਨਾ ਲੱਗੇ, ਪਰ ਇਹ ਮੇਰੀ ਮਜਬੂਰੀ ਸਮਝ।"

"ਕਿਹੋ ਜਿਹੀ ਮਜਬੂਰੀ?" ਮੈਂ ਉਤ-ਸੁਕਤਾ ਨਾਲ ਪੁੱਛਿਆ।

"ਭਰਾਵਾ, ਮੈਂ ਆਪਣੀ ਪਤਨੀ ਬਾਰੇ ਤਾਂ ਸ਼ਸ਼ੋਪੰਜ ਵਿੱਚ ਹਾਂ, ਪਰ ਮੈਨੂੰ ਲੱਗਦਾ ਹੈ ਕਿ ਮੇਰੇ ਬੱਚੇ ਮੈਨੂੰ ਪਸੰਦ ਨਹੀਂ ਕਰ ਰਹੇ। ਆਪਣੇ ਮਨਾਂ ਵਿੱਚੋਂ ਦੁਰਕਾਰ ਰਹੇ ਨੇ।"

"ਕਿਉਂ ਤੇ ਕਿਸ ਗੱਲੋਂ?" ਮੈਂ ਫਿਰ ਹੈਰਾਨੀ ਨਾਲ ਪੁੱਛਿਆ।

"ਮੇਰੀ ਸੋਚ ਉਨ੍ਹਾਂ ਜਿਹੀ ਨਹੀਂ ਹੈ। ਉਨ੍ਹਾਂ ਦੀ ਨਵੀਂ ਸੋਚ ਮੇਰੀ ਪੁਰਾਣੀ ਸੋਚ ਨਾਲ ਮੇਲ ਨਹੀਂ ਖਾ ਸਕੀ।"

"ਜ਼ਰਾ ਵਿਸਥਾਰ ਨਾਲ ਦੱਸ, ਤਾਂਹੀਓਂ ਸਮਝ ਪਵੇਗੀ।" ਮੈਂ ਉਸਦੀਆਂ ਅੱਖਾਂ ਵਿੱਚ ਝਾਕਦੇ ਹੋਏ ਕਿਹਾ।

"ਗੱਲ ਨੂੰ ਦੋ ਹਰਫ਼ਾਂ ਵਿੱਚ ਹੀ ਮੁਕਾ ਦਿੰਦਾ ਹਾਂ। ਮੈਂ ਵੀ ਪੰਜਾਬੀ ਮਾਪਿਆਂ ਵਾਂਗ, ਧੀਆਂ ਨੂੰ ਵਿਆਹੁਣ ਪਿੱਛੋਂ ਇਹੀ ਧਾਰਨਾ ਬਣਾਈ ਬੈਠਾ ਸੀ ਕਿ ਜੋ ਕੁੱਝ ਮੇਰੇ ਕੋਲ ਬਚਿਆ ਹੈ ਉਹ ਹੁਣ ਕੇਵਲ ਲੜਕੇ ਦਾ ਹੀ ਹੈ। ਮੈਂ ਅਮਰੀਕਾ ਆਉਣ ਤੋਂ ਪਹਿਲਾਂ ਆਪਣੇ ਵੱਲੋਂ ਪੂਰੀ ਮਦਦ ਕਰ ਕੇ ਲੜਕੇ ਨੂੰ ਫ਼ਰੀ-ਹੋਲਡ ਘਰ ਲੈ ਦਿੱਤਾ ਸੀ, ਇਸ ਖ਼ਿਆਲ ਨਾਲ ਕਿ ਅਸੀਂ ਵੀ ਦੋਵੇਂ ਉਸਦੇ ਨਾਲ ਹੀ ਰਹਾਂਗੇ।"

ਕੁੱਝ ਚਿਰ ਰੁੱਕ ਕੇ ਤੇ ਗਲਾ ਸਾਫ਼ ਕਰ ਕੇ ਫਿਰ ਕਹਿਣ ਲੱਗਾ, "ਪਰ ਇਹ ਸਭ ਕੁੱਝ ਸਾਡੇ ਕਿਆਸ ਦੇ ਉਲਟ ਨਿਕਲਿਆ। ਉਸਦੀ ਘਰ ਵਾਲੀ ਨਾਲ ਨਿੱਤ ਦੀ ਖਹਿ-ਖਹਿ ਕਾਰਨ, ਇੱਕ ਦਿਨ ਉਸਨੇ ਮੈਨੂੰ ਸਾਫ਼ ਕਹਿ ਹੀ ਦਿੱਤਾ ਕਿ 'ਪਾਪਾ, ਤੁਸੀਂ ਸਾਡੇ ਵਿੱਚ ਰਹੋਗੇ ਤਾਂ ਮੇਰਾ ਘਰ ਟੁੱਟ ਜਾਊਗਾ। ਚੰਗਾ ਇਹੋ ਹੀ ਹੈ ਕਿ ਤੁਸੀਂ ਭੈਣ ਜੀ ਦੇ ਘਰ ਚਲੇ ਜਾਓ। ਉਵੇਂ ਵੀ ਤਾਂ ਉਹ ਇਕੱਲੇ ਹੀ ਰਹਿੰਦੇ ਨੇ। ਬੱਚੇ ਯੂਨੀਵਰਸਿਟੀ ਗਏ ਹੋਏ ਨੇ ਤੇ ਹੋਸਟਲ ਵਿੱਚ ਰਹਿੰਦੇ ਨੇ।'"

"ਹੱਛਾ! ਪਰ ਯਕੀਨ ਨਹੀਂ ਆਉਂਦਾ, ਬੇਟੇ ਨੇ ਇਹ ਕਿਹਾ ਹੋਵ-ਗਾ।" ਮੇਰੇ ਮੂੰਹੋਂ ਅਚਨਚੇਤ ਹੀ ਨਿਕਲ ਗਿਆ।

"ਬਾਹਰਲੇ ਦੇਸ਼ਾਂ ਵਿੱਚ ਇਹ ਸਭ ਕੁੱਝ ਹੋ ਸਕਦਾ ਹੈ, ਭਰਾਵਾ।" ਉਸਨੇ ਇਹ ਕਹਿ ਕੇ ਗੱਲ ਅੱਗੇ ਤੋਰੀ, "ਉਸ ਤੋਂ ਦੋ-ਟੁੱਕ ਜਵਾਬ ਲੈ ਕੇ ਅਸੀਂ ਆਪਣੀ ਬੇਟੀ ਨਾਲ ਗੱਲ ਕੀਤੀ। ਉਹ ਵੀ ਆਨਾ-ਕਾਨੀ ਕਰਨ ਲੱਗੀ।"

"ਇਹ ਕਿਵੇਂ ਹੋ ਸਕਦਾ ਹੈ?"

"ਮੈਂ ਕਿਹਾ ਨਾ, ਇਸ ਦੇਸ਼ ਵਿੱਚ ਸਭ ਕੁੱਝ ਹੋ ਜਾਂਦਾ ਹੈ, ਜਿਸਦਾ ਕਿਆਸ ਵੀ ਕਦੇ ਨਹੀਂ ਕੀਤਾ ਜਾ ਸਕਦਾ।"

ਹਰਦੇਵ ਨੇ ਗਲਾਸ ਵਿੱਚੋਂ ਇੱਕ ਘੁੱਟ ਭਰੀ ਤੇ ਕਹਿਣ ਲੱਗਾ, "ਯਾਰ, ਜਦ ਮੈਂ ਇਹ ਗੱਲ ਬੇਟੀ ਨਾਲ ਕੀਤੀ ਤਾਂ ਉਹ ਕਹਿੰਦੀ, 'ਪਾਪਾ, ਤੁਸੀਂ ਤਾਂ ਜਾਣਦੇ ਹੀ ਹੋ, ਸਾਨੂੰ ਤਾਂ ਆਪ ਬਿਜ਼ਨਸ ਵਿੱਚ ਘਾਟਾ ਪਿਆ ਹੋਇਆ ਹੈ ਅਤੇ ਬੜੇ ਔਖੇ ਗੁਜ਼ਾਰਾ ਕਰ ਰਹੇ ਹਾਂ। ਜੇ ਤੁਸੀਂ ਸਾਡੀ ਪੈਸਿਆਂ ਨਾਲ ਕੁੱਝ ਮਦਦ ਕਰ ਦੇਵੋ, ਜਿਵੇਂ ਤੁਸੀਂ ਮੇਰੇ ਭਰਾ ਦੀ ਕੀਤੀ ਹੈ, ਤਾਂ ਅਸੀਂ ਤੁਹ-ਾਡਾ ਸਾਡੇ ਨਾਲ ਰਹਿਣਾ ਸਹਿਣ ਕਰ ਲਵਾਂਗੇ। ਨਹੀਂ ਤਾਂ ਤੁਸੀਂ ਜਾਣਦੇ ਹੀ ਹੋ ਕਿ ਸਾਡੇ ਲਈ ਹੋਰ ਆਰਥਕ ਬੋਝ ਝੱਲਣਾ ਬਹੁਤ ਮੁਸ਼ਕਲ ਹੈ। ਹਾਂ, ਜੇ ਮੰਮੀ ਰਹਿਣਾ ਚਾਹੁਣ ਤਾਂ ਰਹਿ ਸਕਦੇ ਨੇ, ਪਰ ਉਸ ਸ਼ਰਤ 'ਤੇ ਕਿ ਘਰ ਦੇ ਕੰਮ-ਕਾਰ ਵਿੱਚ ਹੱਥ ਵਟਾਉਣਗੇ ਤੇ ਬੁਢਾਪਾ ਪੈਨਸ਼ਨ ਵਿੱਚੋਂ ਵੀ ਖਰਚ ਦੇਣਗੇ।'"

ਇਹ ਸੁਣ ਕੇ ਸਾਡੇ ਦੋਹਾਂ ਦੇ ਮੂੰਹਾਂ 'ਤੇ ਇੱਕ ਰੰਗ ਆਵੇ ਤੇ ਇੱਕ ਰੰਗ ਜਾਵੇ। ਬੇਟੀ ਦੇ ਮੂੰਹੋਂ ਇਹ ਸਪੱਸ਼ਟ ਸੁਣ ਕੇ ਮੇਰਾ ਤਾਂ ਸਮਝੋ ਮਰਨ ਹੀ ਹੋ ਗਿਆ। ਮੇਰੀ ਪੈਨਸ਼ਨ ਤੇ ਅਜੇ ਲੱਗੀ ਨਹੀਂ ਸੀ ਕਿਉਂਕਿ ਮੈਂ ਇੱਥੇ ਬਹੁਤ ਪਿੱਛੋਂ ਆਇਆ ਸੀ। ਪੰਜਾਬ ਵਾਲੀ ਪੈਨਸ਼ਨ ਡਾਲਰ ਦੇ ਅੱਗੇ ਤਾਂ ਪੀ-ਨਟ ਹੈ। ਬੱਸ, ਬੱਚੀ ਦੇ ਮੂੰਹੋਂ ਇਹ ਸੁਣ ਕੇ ਮੇਰਾ ਤਾਂ ਦਿਲ ਟੁੱਟ ਗਿਆ। ਮੇਰੀ ਪਤਨੀ ਦੁਚਿੱਤੀ ਵਿੱਚ ਫਸ ਗਈ ਕਿ ਕਿਹੜੇ ਪਾਸੇ ਜਾਵੇ? ਮੈਂ ਦੇਖਿਆ ਉਸਦੀ ਆਵਾਜ਼ ਕੰਬ ਰਹੀ ਸੀ। ਉਦਾਸੀ ਭਰੀ ਨਜ਼ਰ ਨਾਲ ਉਹ ਗਲਾਸ ਵਿੱਚ ਪਈ ਇੱਕ ਘੁੱਟ ਵਿਸਕੀ ਨੂੰ ਬੁੱਲ੍ਹਾਂ ਨਾਲ ਲਾ ਕੇ ਪੀ ਗਿਆ। ਤੇ ਫਿਰ ਕਹਿਣ ਲੱਗਾ, "ਮੈਂ ਆਪਣੀ ਘਰ ਵਾਲੀ ਨਾਲ ਇਸ ਬਾਰੇ ਗੱਲ ਕੀਤੀ। ਮੈਂ ਦੇਖਿਆ ਕਿ ਉਸਦਾ ਰੁਖ਼ ਵੀ ਮੇਰੇ ਪ੍ਰਤੀ ਬਹੁਤਾ ਚੰਗਾ ਨਹੀਂ ਸੀ। ਉਹ ਮੇਰੇ ਨਾਲ ਪੰਜਾਬ ਵਾਪਸ ਜਾਣ ਨਾਲੋਂ ਅਮਰੀਕਾ ਵਿੱਚ ਰਹਿਣਾ ਜ਼ਿਆਦਾ ਪਸੰਦ ਕਰਦੀ ਸੀ, ਕਿਉਂਕਿ ਇੱਥੇ ਰਹਿ ਕੇ ਹਰ ਮਹੀਨੇ ਡਾਲਰਾਂ ਵਿੱਚ ਪੈਨਸ਼ਨ ਲੈ ਸਕਦੀ ਸੀ, ਜਿਸਨੂੰ ਉਹ ਆਪਣੀ ਕਮਾਈ ਸਮਝਦੀ ਹੈ। ਨਾਲੇ ਇੱਥੋਂ ਦੇ ਆਪਣੇ ਭਾਈਚਾਰੇ ਦੇ ਜਨਤਕ ਮਾਹੌਲ ਵਿੱਚ ਕਾਫ਼ੀ ਰਚ-ਮਿਚ ਚੁੱਕੀ ਸੀ। ਬੱਸ, ਹੁਣ ਮੈਂ ਤੇ ਮੇਰੀ ਗ਼ੈਰਤ ਦਾ ਸਵਾਲ ਸੀ। ਅਣਖ ਦਾ। ਜਿਸਨੂੰ ਬਚਾਉਣ ਲਈ ਮੈਂ ਇਕੱਲਾ ਹੀ ਰਹਿ ਗਿਆ ਸੀ। ਮੇਰੇ ਅਵਚੇਤਨ ਮਨ ਅੰਦਰ ਇੱਕ ਅੰਦਰੂਨੀ ਬਗ਼ਾਵਤ ਸ਼ੁਰੂ ਹੋ ਚੁੱਕੀ ਸੀ, ਜਿਸਦੇ ਸਿੱਟੇ ਵਜੋਂ ਮੈਂ ਫ਼ੈਸਲਾ ਲੈ ਲਿਆ ਕਿ ਇਹਨਾਂ ਹਾਲਤਾਂ ਵਿੱਚ ਮੇਰਾ ਅਮਰੀਕਾ ਵਿੱਚ ਰਹਿਣ ਨਾਲੋਂ ਅਮਰੀਕਾ ਨੂੰ ਛੱਡਣਾ ਹੀ ਮੁਨਾਸਬ ਹੈ।"

ਬਿਨਾਂ ਕਿਸੇ ਲੁਕ-ਲਪੇਟ ਦੇ ਹਰਦੇਵ ਨੇ ਮੈਨੂੰ ਸਭ ਕੁੱਝ ਸਾਫ਼-ਸਾਫ਼ ਕਹਿ ਦਿੱਤਾ।

"ਤੇ ਹਰਦੇਵ, ਕੀ ਤੂੰ ਸੁਚੇਤ ਰੂਪ ਵਿੱਚ ਇਹ ਨਿਰਣਾ ਸਹੀ ਸਮਝਦਾ ਹੈਂ?" ਮੈਂ ਗੰਭੀਰਤਾ ਨਾਲ ਪੁੱਛਿਆ।

"ਹਾਂ ਵੀਰੇ। ਪਾਣੀ ਸਿਰ ਉੱਤੋਂ ਦੀ ਲੰਘ ਚੁੱਕਾ ਹੈ। ਮੇਰੇ ਦਿਲ ਅਤੇ ਦਿਮਾਗ਼ ਦੋਹਾਂ ਨੇ ਬਗ਼ਾਵਤ ਕਰ ਦਿੱਤੀ ਹੈ। ਇੱਥੋਂ-ਅਮਰੀਕਾ ਤੋਂ ਸਦਾ ਲਈ ਵਾਪਸੀ ਹੀ ਇੱਕੋ-ਇੱਕ ਹੱਲ ਸੁੱਝਦਾ ਹੈ।"

"ਭਰਾ ਹਰਦੇਵ, ਰਹਿੰਦੇ ਤਾਂ ਭਾਵੇਂ ਅਸੀਂ ਵੀ ਕਿਰਾਏ ਦੇ ਅਪਾਰਟਮੈਂਟ ਵਿੱਚ ਹੀ ਹਾਂ, ਪਰ ਇਹ ਐਨਾ ਛੋਟਾ ਵੀ ਨਹੀਂ ਕਿ ਤੈਨੂੰ ਅਸੀਂ ਆਪਣੇ ਨਾਲ ਐਡਜਸਟ ਨਾ ਕਰ ਸਕੀਏ। ਇੱਥੇ ਆਪਾਂ ਆਪਣੀ ਹੀ ਦੁਨੀਆ ਵਸਾਵਾਂਗੇ। ਕਿਸੇ ਦਾ ਦਮ ਨਹੀਂ ਘੁੱਟੇਗਾ।" ਮੈਂ ਉਸਦੇ ਟੁੱਟੇ ਅਹਿਸਾਸ ਨੂੰ ਦੋਸਤੀ ਦਾ ਠੁਮਣਾ ਦੇਣਾ ਚਾਹਿਆ।

"ਮੇਰੇ ਪਿਆਰੇ ਵੀਰ ਜੀ, ਆਪਣੀ 1949 ਤੋਂ ਚੱਲੀ ਆਉਂਦੀ ਦੋਸਤੀ ਦੇ ਸਦਕੇ ਹੀ ਅਸੀਂ ਇੱਕ ਦੂਜੇ ਦੀ ਕਦਰ ਕਰਦੇ ਹਾਂ। ਮੈਂ ਤੇਰੀ ਪੇਸ਼ਕਸ਼ ਲਈ ਦਿਲੋਂ ਧੰਨਵਾਦੀ ਹਾਂ। ਸ਼ਾਲਾ, ਇਹ ਅਹਿਸਾਸ ਦੀ ਦੋਸਤੀ ਰਿਸ਼ਤੇਦਾਰੀਆਂ ਨਾਲੋਂ ਕਿਤੇ ਉੱਚੀ ਉੱਠ ਕੇ ਅੰਤਿਮ ਸਾਹਾਂ ਤੱਕ ਬਣੀ ਰਹੇ।"

ਮੈਂ ਉਸਦੀਆਂ ਅੱਖਾਂ ਵਿੱਚ ਵਿਸ਼ਵਾਸ ਦੀ ਚਮਕ ਦੇਖੀ।

ਹਰਦੇਵ ਨੇ ਫਿਰ ਗੱਲ ਨੂੰ ਬਦਲਦੇ ਹੋਏ ਕਿਹਾ, "ਜੇ ਖਾਣਾ ਤਿਆਰ ਹੈ ਤਾਂ ਆ, ਅੱਜ ਉਸੇ ਤਰ੍ਹਾਂ ਦਾ ਅਨੰਦ ਮਾਣੀਏ, ਜਿਵੇਂ ਮੋਗੇ ਦੀ ਰੇਲਵੇ ਰੋਡ 'ਤੇ 'ਪਟਿਆਲਾ ਹੋਟਲ' ਵਿੱਚ ਬੈਠ ਕੇ ਖਾਂਦੇ-ਪੀਂਦੇ ਹੁੰਦੇ ਸੀ, ਤੇ 'ਪੀਟੋ ਸਕਾਟ ਰੇਡੀਓ' ਮੇਡ ਇਨ ਲੰਡਨ ਉੱਚੀ-ਉੱਚੀ ਗੱਜਦਾ ਹੁੰਦਾ ਸੀ।"

"ਤੇ ਕਾਲਜ ਜਾਣ ਤੋਂ ਪਹਿਲਾਂ ਸਵੇਰ ਦਾ ਬ੍ਰੇਕਫਾਸਟ 'ਪਰਦੇਸੀ ਟੀ ਸਟਾਲ' ਚੌੜਾ ਬਾਜ਼ਾਰ ਤੋਂ ਕਰ ਕੇ ਜਾਂਦੇ ਹੁੰਦੇ ਸੀ।" ਮੈਂ ਵੀ ਗੱਲ ਦੀ ਲੜੀ ਨਾਲ ਲੜੀ ਜੋੜਦੇ ਹੋਏ ਕਿਹਾ।

ਉਹ ਅੱਜ ਤੋਂ ਸੱਠ ਸਾਲਾਂ ਤੋਂ ਪਹਿਲਾਂ ਦੀਆਂ ਯਾਦਾਂ ਮੇਰੇ ਨਾਲ ਤਾਜ਼ੀਆਂ ਕਰਨਾ ਚਾਹੁੰਦਾ ਸੀ। ਸ਼ਾਇਦ ਇਹ ਉਸਦੇ ਮਨ ਦੀ ਭਾਵ-ਮੁਕਤੀ ਸੀ। ਮੈਂ ਕੁੱਝ ਸਮਝ ਨਾ ਸਕਿਆ। ਖਾਣਾ ਖਾਣ ਪਿੱਛੋਂ ਮੈਂ ਉਸਨੂੰ ਕਮਰੇ ਵਿੱਚ ਛੱਡਣ ਗਿਆ ਤਾਂ ਮੇਰਾ ਹੱਥ ਫੜ ਕੇ ਕਹਿਣ ਲੱਗਾ, "ਇਸ ਜੱਗ ਵਿੱਚ ਤੈਥੋਂ ਬਿਨਾਂ ਹੁਣ ਮੇਰਾ ਕੌਣ ਰਹਿ ਗਿਆ, ਜਿਸ ਅੱਗੇ ਮੈਂ ਜਾ ਕੇ ਦਿਲ ਫਰੋਲਾਂ?" ਫਿਰ ਆਪਣੇ ਬ੍ਰੀਫ਼-ਕੇਸ ਵਿੱਚੋਂ ਇੱਕ ਸੀਲ-ਬੰਦ ਲਿਫ਼ਾਫ਼ਾ ਮੈਨੂੰ ਦਿੰਦੇ ਹੋਏ ਕਹਿਣ ਲੱਗਾ, "ਆਪਣੇ ਅਹਿਸਾਸਾਂ ਦੀ ਦੋਸਤੀ ਦੀ ਕਦਰ ਸਦਕਾ, ਮੈਂ ਤੈਨੂੰ ਇਸ ਲਿਫ਼ਾਫ਼ੇ ਦਾ ਰਾਖਾ ਬਣਾਉਂਦਾ ਹਾਂ। ਜਦ ਮੇਰੀ ਰੂਹ ਸੰਸਾਰ-ਯਾਤਰਾ ਪੂਰੀ ਕਰ ਜਾਵੇ, ਤਦ ਮੇਰੇ ਬੱਚਿਆਂ ਨੂੰ ਬੁਲਾ ਕੇ ਉਨ੍ਹਾਂ ਸਾਹਮਣੇ ਇਸਨੂੰ ਪੜ੍ਹ ਦੇਣਾ।"

ਮੈਂ ਉਸ ਵੱਲ ਹੈਰਾਨੀ ਨਾਲ ਦੇਖਿਆ ਤੇ ਕਿਹਾ, "ਯਾਰ, ਇੰਜ ਨਿਰਾਸ਼ਾਵਾਦੀ ਹੋਣ ਦੀ ਕੋਈ ਲੋੜ ਨਹੀਂ। ਵਾਹਿਗੁਰੂ ਭਲੀ ਕਰੇਗਾ।"

ਪਰ ਉਹ ਕੁੱਝ ਨਾ ਬੋਲਿਆ। ਮੈਨੂੰ ਲੱਗਿਆ ਜਿਵੇਂ ਉਸਨੇ ਜਾਣ-ਬੁੱਝ ਕੇ ਮੇਰੀ ਕਹੀ ਗੱਲ ਨੂੰ ਅਣਗੌਲਿਆ ਕਰ ਦਿੱਤਾ ਹੋਵੇ। ਮੈਂ ਵੀ ਉਚਿਤ ਨਾ ਸਮਝਿਆ ਕਿ ਇਸ ਬਾਰੇ ਹੋਰ ਕੁੱਝ ਬੋਲਾਂ। ਮੈਂ ਚੁੱਪਚਾਪ ਲਿਫ਼ਾਫ਼ਾ ਫੜ ਕੇ ਮੇਜ਼ 'ਤੇ ਰੱਖ ਦਿੱਤਾ।

"ਚੰਗਾ, ਹੁਣ ਤੂੰ ਵੀ ਆਰਾਮ ਕਰ। ਸਵੇਰੇ ਮੇਰੀ ਗਿਆਰਾਂ ਵਜੇ ਦੀ ਫਲਾਈਟ ਹੈ। ਸਮੇਂ 'ਤੇ ਜਗਾ ਦੇਵੀਂ।" ਹਰਦੇਵ ਨੇ ਮੈਨੂੰ ਕਮਰੇ ਵਿੱਚੋਂ ਜਾਣ ਦੇ ਲਹਿਜ਼ੇ ਨਾਲ ਕਿਹਾ।

"ਫ਼ਿਕਰ ਕਰਨਾ ਛੱਡ ਦੇ ਯਾਰ, ਰੱਬ ਭਲੀ ਕਰੂ। ਸਵੇਰੇ ਆਪਾਂ 'ਪਰਦੇਸੀ ਟੀ ਸਟਾਲ' 'ਤੇ ਜੋ ਬ੍ਰੇਕਫਾਸਟ ਲੈਂਦੇ ਸੀ, ਉਹੋ ਜਿਹਾ ਲਵਾਂਗੇ।" ਮੈਂ ਕਮਰੇ ਵਿੱਚੋਂ ਨਿਕਲਦੇ ਹੋਏ ਸੋਗੀ ਮਾਹੌਲ ਨੂੰ ਬਦਲਣ ਦੇ ਇਰਾਦੇ ਨਾਲ ਕਿਹਾ, ਤੇ ਉਹ ਹਲਕਾ ਜਿਹਾ ਮੁਸਕਰਾ ਪਿਆ।

ਸਾਡੇ ਵਿੱਚ ਜੋ ਗੱਲਾਂ ਹੋਈਆਂ, ਉਹ ਮੈਂ ਆਪਣੀ ਪਤਨੀ ਨਾਲ ਸਾਂਝੀਆਂ ਕੀਤੀਆਂ। ਉਹ ਵੀ ਇਹ ਸਭ ਕੁੱਝ ਸੁਣ ਕੇ ਬਹੁਤ ਦੁਖੀ ਹੋਈ।

ਸਵੇਰੇ ਜਦ ਮੈਂ ਬੈੱਡ-ਟੀ ਦੇਣ ਗਿਆ ਤਾਂ ਉਹ ਅਜੇ ਸੁੱਤਾ ਹੀ ਪਿਆ ਸੀ। ਟਰੇ ਮੇਜ਼ 'ਤੇ ਰੱਖ ਕੇ ਜਦ ਮੈਂ ਜਗਾਉਣ ਲੱਗਾ ਤਾਂ ਦੇਖਿਆ, ਉਸਦੀ ਰੂਹ ਮਾਨਵ ਸਰੀਰ ਦੀਆਂ ਅਪੂਰਨ ਸੱਧਰਾਂ ਦੀ ਕੈਦ ਵਿੱਚੋਂ ਆਜ਼ਾਦ ਹੋ ਕੇ ਗਿਆਰਾਂ ਵਜੇ ਦੀ ਫਲਾਈਟ ਤੋਂ ਪਹਿਲਾਂ ਹੀ ਸ਼ਾਇਦ ਪੰਜਾਬ ਦੀਆਂ ਜੂਹਾਂ-ਬੇਲਿਆਂ ਵਿੱਚੋਂ ਦੀ ਲੰਘਦੀ ਬੈਕੁੰਠ ਜਾ ਚੁੱਕੀ ਸੀ।

ਉਸਨੂੰ ਇਸ ਦਸ਼ਾ ਵਿੱਚ ਦੇਖ ਕੇ ਮੇਰਾ ਮਨ ਦੁੱਖ ਦੇ ਅਹਿਸਾਸ ਨਾਲ ਕੰਬ ਉੱਠਿਆ। ਮੈਨੂੰ ਸਮਝ ਹੀ ਨਹੀਂ ਆ ਰਹੀ ਸੀ ਕਿ ਕੀ ਹਰਦੇਵ ਆਪਣੇ ਅੰਦਰਲੇ ਦਿਲੋਂ-ਦਿਮਾਗ਼ ਦੀ ਬਗ਼ਾਵਤ ਦਾ ਸ਼ਿਕਾਰ ਹੋ ਗਿਆ ਹੈ, ਜਾਂ ਆਪਣੇ ਹੀ ਲਹੂ ਦੇ ਰਿਸ਼ਤਿਆਂ ਦੀਆਂ ਬਾਹਰੀ ਤੰਦਾਂ ਵਿੱਚ ਘੁੱਟਿਆ ਗਿਆ ਹੈ? ਮੈਂ ਪੱਥਰ ਦੀ ਮੂਰਤ ਬਣਿਆ ਉਸਦੇ 'ਸ਼ਾਂਤ ਚਿਹਰੇ' ਨੂੰ ਆਪਣੀਆਂ ਅੱਖਾਂ ਵਿੱਚ ਤੈਰਦੇ ਹੰਝੂਆਂ ਵਿੱਚੋਂ ਦੀ ਦੇਖਦਾ ਰਿਹਾ।

ਇਹ ਦੁਖਦਾਈ ਖ਼ਬਰ ਆਖ਼ਿਰ ਤਾਂ ਉਸਦੇ ਬੱਚਿਆਂ ਨੂੰ ਦੇਣੀ ਹੀ ਸੀ। ਮੈਂ ਉਨ੍ਹਾਂ ਨੂੰ ਖ਼ਬਰ ਕਰ ਦਿੱਤੀ। ਉਹ ਸਾਰੇ ਸ਼ਾਮ ਤੱਕ ਪੁੱਜ ਗਏ। ਇੱਧਰ-ਉੱਧਰ ਦੀਆਂ ਰਸਮੀ ਗੱਲਾਂ ਪਿੱਛੋਂ ਮੈਂ ਉਸ ਲਿਫ਼ਾਫ਼ੇ ਬਾਰੇ ਜ਼ਿਕਰ ਕੀਤਾ। ਉਨ੍ਹਾਂ ਦੇ ਸਾਹਮਣੇ ਖੋਲ੍ਹ ਕੇ ਪੜ੍ਹਿਆ। ਲਿਖਿਆ ਸੀ:

"ਪਿਆਰੇ ਬੱਚਿਓ,

ਮੈਨੂੰ ਨਹੀਂ ਪਤਾ ਮੇਰੇ ਸਾਹ ਕਿੱਥੇ ਨਿਕਲਣ-ਵਿਦੇਸ਼ ਵਿੱਚ ਜਾਂ ਆਪਣੇ ਦੇਸ਼? ਜੇ ਮੈਂ ਆਪਣੇ ਦੇਸ਼ ਮਰਿਆ ਤਾਂ ਮੇਰੀਆਂ ਸਾਰੀਆਂ ਅੰਤਿਮ ਰਸਮਾਂ ਕੋਈ ਨਾ ਕੋਈ ਭੈਣ-ਭਰਾ ਪੂਰੀਆਂ ਕਰ ਦੇਵੇਗਾ। ਤੁਹਾਨੂੰ ਕਿਸੇ ਨੂੰ ਆਉਣ ਦੀ ਜ਼ਰੂਰਤ ਨਹੀਂ। ਪਰ ਜੇ ਤੁਹਾਡੇ ਦੇਸ਼ ਵਿੱਚ ਸਾਹ ਤਿਆਗੇ ਗਏ ਤਾਂ ਤੁਹਾਨੂੰ ਫ਼ਿਕਰ ਲੱਗ ਜਾਵੇਗਾ ਕਿ ਅੰਤਿਮ ਰਸਮਾਂ ਪੂਰੀਆਂ ਕਰਨ ਲਈ ਕੌਣ ਅੱਗੇ ਆਵੇ ਤੇ ਪੈਸੇ ਕਿੱਥੋਂ ਆਉਣਗੇ? ਮੈਂ ਤੁਹਾਡੇ ਸਾਰਿਆਂ ਦਾ ਸਾਂਝਾ ਪਿਓ ਜੋ ਹੋਇਆ। ਕੌਣ ਭਲਾ ਇਕੱਲਾ ਆਪਣੇ ਕੋਲੋਂ ਖਰਚ ਕੇ ਪਿਓ ਦੀ ਮਿੱਟੀ ਨੂੰ ਕਿਉਂਟੂ, ਜਦੋਂ ਜਿਉਂਦੇ ਜੀ ਉਸਦਾ ਭਾਰ ਸਾਰੇ ਰਲ ਕੇ ਵੀ ਨਾ ਚੁੱਕ ਸਕੇ?

ਮੈਂ ਤੁਹਾਨੂੰ ਦੁੱਖ ਨਹੀਂ ਦੇਵਾਂਗਾ। ਮੈਂ ਆਪਣੀ ਵਸੀਅਤ ਆਪਣੇ ਪਰਮ ਮਿੱਤਰ ਦੇ ਨਾਂ ਕਰ ਚੱਲਿਆ ਹਾਂ, ਜੋ ਤੁਹਾਡੇ ਸਾਹਮਣੇ ਪੜ੍ਹ ਕੇ ਸੁਣਾ ਰਹੇ ਨੇ। ਮੇਰੇ ਇੱਥੋਂ ਦੇ ਬੈਂਕ ਖਾਤੇ ਵਿੱਚੋਂ ਇਹ ਪੈਸੇ ਕਢਵਾ ਸਕਦੇ ਨੇ। ਜੋ ਖਰਚਾ ਮੇਰੇ ਸਸਕਾਰ 'ਤੇ ਆਵੇ, ਇਹ ਤੁਹਾਨੂੰ ਦੇਣਗੇ, ਬਾਕੀ ਗੁਰੂ ਦੀ ਗੋਲਕ ਵਿੱਚ ਚਲਾ ਜਾਵੇਗਾ।

ਆਪਣੀਆਂ ਅਪੂਰਨ ਸੱਧਰਾਂ ਨਾਲ ਤੁਹਾਨੂੰ ਸਾਰਿਆਂ ਨੂੰ ਬਦ-ਅਸੀਸਾਂ ਦੇਣੀਆਂ ਚਾਹੁੰਦਾ ਸੀ, ਪਰ ਮੈਥੋਂ ਇਹ ਹੋ ਨਹੀਂ ਸਕਿਆ, ਕਿਉਂਕਿ ਲਹੂ ਦੀ ਸਾਂਝ ਦਾ ਰਿਸ਼ਤਾ ਹੈ। ਚਾਹੁੰਦਾ ਹਾਂ ਕਿ ਤੁਸੀਂ ਆਪਣੀ ਮੰਮੀ ਨਾਲ ਇਸ ਰਿਸ਼ਤੇ ਨੂੰ ਵਫ਼ਾਦਾਰੀ ਨਾਲ ਨਿਭਾਉਣਾ। ਮੈਨੂੰ ਬਹੁਤ ਦੁੱਖ ਹੈ ਤੇ ਪਛਤਾਵਾ ਵੀ ਕਿ ਅਸੀਂ ਇਸ ਰਿਸ਼ਤੇ ਦੇ ਪਿਆਰ-ਮਣਕਿਆਂ ਨੂੰ ਖਿਲਾਰ ਬੈਠੇ ਹਾਂ। ਕਾਸ਼, ਤੁਸੀਂ ਇਹ ਪਿਆਰ-ਮੋਤੀ ਮੁੜ ਚੁਗ ਕੇ ਨਵੀਂ ਲੜੀ ਵਿੱਚ ਪਰੋ ਲੈਣਾ।

ਜ਼ਿੰਦਗੀ ਦੇ ਅੰਤਲੇ ਮੁਕਾਮ 'ਤੇ ਪੁੱਜੇ ਅਪੂਰਨ ਸੱਧਰਾਂ ਵਾਲੇ ਪਾਂਧੀ ਦਾ ਤੁਹਾਨੂੰ ਸਾਰਿਆਂ ਨੂੰ ਦਿਲੋਂ ਘੁੱਟ ਕੇ ਪਿਆਰ।"

ਅਸੀਂ ਸਾਰੇ ਚੁੱਪ ਸੀ। ਉਦਾਸ ਸੀ। ਹਰਦੇਵ ਸਿੰਘ ਦੀਆਂ ਅੱਖਾਂ ਬੰਦ ਸਨ, ਪਰ ਉਸਦੇ ਖੁੱਲ੍ਹੇ ਲਿਫ਼ਾਫ਼ੇ ਵਿੱਚੋਂ ਨਿਕਲੇ ਸਫ਼ੇ ਦਾ ਹਰ ਸ਼ਬਦ ਸਾਡੇ ਕੰਨਾਂ ਵਿੱਚ ਗੂੰਜ ਰਿਹਾ ਸੀ। ਮੈਂ ਅੱਜ ਤੱਕ ਵੀ ਸੋਚ ਰਿਹਾ ਹਾਂ ਕਿ ਉਹ ਆਪਣੇ ਮਿਲਣ ਦਾ ਅਸਲ ਮਨੋਰਥ ਆਪਣੇ ਮੂੰਹੋਂ ਮੈਨੂੰ ਕਿਉਂ ਨਾ ਦੱਸ ਸਕਿਆ? ਕਾਗਜ਼ਾਂ 'ਤੇ ਅੰਕਿਤ ਕਰ ਕੇ ਦੇ ਗਿਆ, ਤਾਂ ਜੋ ਸਬੂਤ ਰਹੇ ਤੇ ਜ਼ਰੂਰਤ ਵੇਲੇ ਕੰਮ ਆ ਸਕੇ।

-0-



ਸੁਰਜੀਤ ਸਿੰਘ ਭੁੱਲਰ

# ਧਰਤੀ ਹੇਠਲੇ ਪਾਣੀ ਦਾ ਲੈਵਲ ਘਟਣ ਲਈ ਇਕੱਲਾ ਝੋਨਾ ਹੀ ਜਿੰਮੇਵਾਰ ਨਹੀਂ

ਧਰਤੀ ਦੀ ਕੱਚੀ ਥਾਂ ਤੇ ਪੱਕੀਆਂ ਸੜਕਾਂ, ਪੱਕੇ ਕੰਕਰੀਟ ਦੇ ਫਰਸ਼ ਬਣਨ ਨਾਲ ਬਾਰਿਸ਼ ਦਾ ਪਾਣੀ ਧਰਤੀ ਅੰਦਰ ਸਿੰਮਕੇ ਰਚਣਾ ਕਾਫੀ ਹੱਦ ਤੱਕ ਘਟ ਗਿਆ। ਇਸਨੂੰ ਅਸੀਂ ਸਧਾਰਨ ਭਾਸ਼ਾ 'ਚ "ਧਰਤੀ ਦਾ ਸਾਹ ਬੰਦ ਹੋ ਜਾਣਾ" ਕਹਿੰਦੇ ਆਂ।





*ਕਿਵੇਂ ਹੋ ਰਿਹਾ ਇਹ ਸਭ?*

*1. ਪੱਕੀਆਂ ਸੜਕਾਂ + ਪੱਕੇ ਫਰਸ਼ = ਰੀਚਾਰਜ ਬੰਦ*

ਪਹਿਲਾਂ ਮਿੱਟੀ ਵਾਲੀ ਜ਼ਮੀਨ ਸੀ। ਬਾਰਿਸ਼ ਦਾ 70-80% ਪਾਣੀ ਸਿੱਧਾ ਧਰਤੀ 'ਚ ਸਿੰਮ ਜਾਂਦਾ ਸੀ।

ਹੁਣ ਕੰਕਰੀਟ/ਤਾਰਕੋਲ ਦੇਖੋ। ਬਾਰਿਸ਼ ਦਾ 90% ਪਾਣੀ ਨਾਲੀਆਂ 'ਚ ਵਹਿ ਕੇ ਨਦੀ-ਨਾਲੇ 'ਚ ਚਲਾ ਜਾਂਦਾ। ਧਰਤੀ ਨੂੰ 1 ਬੂੰਦ ਨਹੀਂ ਮਿਲਦੀ।

*2. ਪੱਕੀਆਂ ਨਹਿਰਾਂ = ਸਿੰਮਣਾ ਖਤਮ*

ਪਹਿਲਾਂ ਕੱਚੀਆਂ ਨਹਿਰਾਂ 'ਚੋਂ 40% ਪਾਣੀ ਰਸਤੇ 'ਚ ਹੀ ਧਰਤੀ 'ਚ ਸਿੰਮ ਜਾਂਦਾ ਸੀ। ਉਹੀ ਪਾਣੀ ਆਲੇ-ਦੁਆਲੇ ਦੇ ਖੇਤਾਂ ਅਤੇ ਪਿੰਡਾਂ ਦਾ ਵਾਟਰ ਲੈਵਲ ਚੁੱਕਦਾ ਸੀ।

ਹੁਣ ਨਹਿਰਾਂ ਪੱਕੀਆਂ ਕਰ ਦਿੱਤੀਆਂ। ਪਾਣੀ 100% ਮੰਜ਼ਿਲ 'ਤੇ ਪਹੁੰਚਦਾ, ਪਰ ਰਸਤੇ 'ਚ ਧਰਤੀ ਰੀਚਾਰਜ ਨਹੀਂ ਹੁੰਦੀ।

*3. ਲੰਬੇ ਸੀਵਰੇਜ ਪਾਈਪ*

ਸੀਵਰੇਜ ਦਾ ਗੰਦਾ ਪਾਣੀ ਵੀ ਹੁਣ ਸਿੱਧਾ ਟ੍ਰੀਟਮੈਂਟ ਪਲਾਂਟ ਜਾਂ ਦਰਿਆ 'ਚ ਜਾ ਰਿਹਾ। ਪਹਿਲਾਂ ਕਈ ਥਾਂ ਇਹ ਪਾਣੀ ਵੀ ਜ਼ਮੀਨ 'ਚ ਲੀਕ ਹੋ ਕੇ ਰੀਚਾਰਜ ਕਰਦਾ ਸੀ। ਹੁਣ ਉਹ ਰਸਤਾ ਵੀ ਬੰਦ।

*ਨਤੀਜਾ ਕੀ ਨਿਕਲਿਆ?*

*ਇਨਪੁਟ ਬੰਦ, ਆਊਟਪੁਟ ਚਾਲੂ*

ਟਿਊਬਵੈੱਲ ਨਾਲ ਅਸੀਂ ਰੋਜ਼ ਪਾਣੀ ਕੱਢੀ ਜਾ ਰਹੇ ਆਂ, ਪਰ ਵਾਪਸ ਪਾਉਣ ਦਾ ਕੋਈ ਰਸਤਾ ਨਹੀਂ ਛੱਡਿਆ। ਇਸੇ ਲਈ ਪੰਜਾਬ, ਹਰਿਆਣਾ 'ਚ ਹਰ ਸਾਲ 30-50 ਸੈਂਟੀਮੀਟਰ ਲੈਵਲ ਡਿੱਗ ਰਿਹਾ। ਚੰਡੀਗੜ੍ਹ ਅਤੇ ਆਲੇ-ਦੁਆਲੇ ਵੀ ਇਹੀ ਹਾਲ ਹੈ। ਸ਼ਹਿਰੀਕਰਨ ਵਧਣ ਨਾਲ "ਕੰਕਰੀਟ ਦਾ ਜੰਗਲ" ਬਣ ਗਿਆ।



*ਹੱਲ ਕੀ ਹੈ ਜੀ?*

ਸਰਕਾਰਾਂ ਵੀ ਹੁਣ ਇਹੀ ਕਰ ਰਹੀਆਂ:

1. *ਰੇਨ ਵਾਟਰ ਹਾਰਵੈਸਟਿੰਗ* - ਛੱਤ ਦਾ ਪਾਣੀ ਬੋਰਵੈੱਲ 'ਚ ਪਾਉਣਾ
2. *ਪਰਮੀਏਬਲ ਫਰਸ਼* - ਪਾਰਕਾਂ, ਗਲੀਆਂ 'ਚ ਪਾਣੀ ਸਿੰਮਣ ਵਾਲੀਆਂ ਟਾਇਲਾਂ
3. *ਤਲਾਬਾਂ ਦੀ ਸਫਾਈ* - ਪਿੰਡ ਦੇ ਜੋਹੜਾਂ ਨੂੰ ਮੁੜ ਚਾਲੂ ਕਰਨਾ
4. *ਚੈੱਕ ਡੈਮ* - ਵਰਖਾ ਦਾ ਪਾਣੀ ਰੋਕ ਕੇ ਸਿੰਮਾਉਣਾ
5. *ਕੱਚੇ ਹਿੱਸੇ ਬਚਾਉਣੇ* - ਹਰ ਘਰ ਦੇ ਆਂਗਣ 'ਚ ਥੋੜ੍ਹੀ ਮਿੱਟੀ ਰਹਿਣ ਦੇਣੀ

*ਪੱਕੀਆਂ ਸੜਕਾਂ, ਫਰਸ਼, ਨਹਿਰਾਂ ਅਤੇ ਸੀਵਰੇਜ ਹੀ ਪਾਣੀ ਦਾ ਲੈਵਲ ਡਿੱਗਣ ਦੇ ਮੁੱਖ ਕਾਰਨ ਹਨ*। ਵਿਕਾਸ ਦੇ ਨਾਲ-ਨਾਲ ਅਸੀਂ ਕੁਦਰਤ ਦਾ ਪਾਣੀ ਰੀਚਾਰਜ ਕਰਨ ਦਾ ਸਿਸਟਮ ਹੀ ਤੋੜ ਦਿੱਤਾ।

ਜੇ ਅਸੀਂ ਹੁਣ ਰੀਚਾਰਜ ਦੇ ਰਸਤੇ ਨਾ ਬਣਾਏ ਤਾਂ ਆਉਣ ਵਾਲੇ 10-15 ਸਾਲ 'ਚ ਟਿਊਬਵੈੱਲ ਹੋਰ ਡੂੰਘੇ ਕਰਨੇ ਪੈਣਗੇ।ਇਸ ਲਈ ਪਾਣੀ ਦਾ ਲੈਵਲ ਘਟਣ ਲਈ ਸਿਰਫ ਇਕੱਲੇ ਝੋਨੇ ਦੀ ਖੇਤੀ ਨੂੰ ਹੀ ਜਿੰਮੇਵਾਰ ਠਹਿਰਾਉਣਾ ਮੇਰੇ ਤਰਕ ਮੁਤਾਬਕ ਗ਼ਲਤ ਹੈ, ਕਿਉਂਕਿ ਬਾਕੀ ਕਾਰਨਾ ਵਲ ਵੀ ਧਿਆਨ ਦੇਣਾ ਜਰੂਰੀ ਹੈ।



ਤਰਕਸ਼ੀਲ ਲੇਖਕ-ਹਰੀਸ਼ ਕੁਮਾਰ 9465023000

# Samaj Weekly ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**